Space for Available for Advertising

WWW.PREETNEWS.COM

WWW.PREETNAMA.COM

preetnamausa@gmail.com

ਨਿਊਯਾਰਕ

# ਪ੍ਰੀਤਨਾਮਾ

ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ

ਖਰਾ ਸੱਚ

Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ

Preetnamausa@gmail.com

ਸਾਲ 4, ਅੰਕ 333, 19 ਦਸੰਬਰ ਤੋਂ 25 ਦਸੰਬਰ, 2025 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

# ਵਿਕਸਿਤ ਭਾਰਤ-ਜੀ ਰਾਮ ਜੀ’ ਬਿੱਲ ਸੰਸਦ ’ਚ ਪਾਸ, ਰਾਤ ਭਰ ਧਰਨੇ ਉੱਤੇ ਬੈਠੇ ਕਈ ਸਾਂਸਦ, ਜਾਣੋ ਇਹ ਬਿੱਲ ਕੀ ਹੈ



ਵਿਕਸਿਤ ਭਾਰਤ ਗਰੰਟੀ ਫਾਰ ਰੁਜ਼ਗਾਰ ਅਤੇ ਅਜੀਵਿਕਾ ਮਿਸ਼ਨ ਭਾਵ ਵੀਬੀ-ਜੀ ਰਾਮ ਜੀ ਨਾਮ ਦਾ ਬਿੱਲ ਮੰਗਲਵਾਰ ਨੂੰ ਲੋਕ ਸਭਾ ਵਿੱਚ ਪੇਸ਼ ਕੀਤਾ ਗਿਆ ਸੀ ਅਤੇ ਵੀਰਵਾਰ ਨੂੰ ਵਿਰੋਧੀ ਧਿਰਾਂ ਦੇ ਵਿਰੋਧ ਦੇ ਬਾਵਜੂਦ ਇਸ ਨੂੰ ਸੰਸਦ ਵਿੱਚ ਪਾਸ ਕਰ ਦਿੱਤਾ ਗਿਆ। ਇਹ ਬਿੱਲ ਦੋ ਦਹਾਕੇ ਪੁਰਾਣੀ ਮਹਾਤਮਾ ਗਾਂਧੀ ਨੈਸ਼ਨਲ ਰੂਰਲ ਇੰਪਲੌਏਮੈਂਟ ਗਾਰੰਟੀ ਸਕੀਮ ਦੀ ਥਾਂ ਲਵੇਗਾ। ਬਿੱਲ ਪਾਸ ਹੋਣ ਤੋਂ ਬਾਅਦ, ਵਿਰੋਧੀ ਧਿਰ ਦੇ ਆਗੂ ਵੀਰਵਾਰ ਰਾਤ ਨੂੰ ਸੰਸਦ ਪਰਿਸਰ ਵਿੱਚ ਧਰਨੇ ’ਤੇ ਬੈਠੇ ਰਹੇ। ਕੇਂਦਰੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਕਿ ਪੁਰਾਣੀ ਯੋਜਨਾ ਦੀਆਂ ਕਮੀਆਂ ਨੂੰ ਦੂਰ ਕਰਨ ਲਈ ਇਹ ਬਿੱਲ ਜ਼ਰੂਰੀ ਸੀ। ਵਿਰੋਧੀ ਧਿਰ ਨੇ ਐਲਾਨ ਕੀਤਾ ਹੈ ਕਿ ਉਹ ਇਸ ਮੁੱਦੇ ਦਾ ਵਿਰੋਧ ਕਰਨ ਲਈ ਦੇਸ਼ ਭਰ ਵਿੱਚ ਸੜਕਾਂ ’ਤੇ ਉਤਰ ਕੇ ਪ੍ਰਦਰਸ਼ਨ ਕਰਨਗੇ।

ਨਵੇਂ ਬਿੱਲ ਦੇ ਖਰੜੇ ਵਿੱਚ ਕਿਹਾ ਗਿਆ ਹੈ ਕਿ ਇਸਦਾ ਉਦੇਸ਼ ਵਿਕਸਿਤ ਭਾਰਤ 2047 ਦੇ ਕੌਮੀ ਵਿਜ਼ਨ ਦੇ ਅਨੁਰੂਪ ਪੇਂਡੂ ਵਿਕਾਸ ਦਾ ਨਵਾਂ ਢਾਂਚਾ ਤਿਆਰ ਕਰਨਾ ਹੈ। 16 ਦਸੰਬਰ ਨੂੰ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਚੌਹਾਨ ਵੱਲੋਂ ਜਿਵੇਂ ਹੀ ਬਿੱਲ ਪੇਸ਼ ਕੀਤਾ ਤਾਂ ਸਦਨ ਅੰਦਰ ਖ਼ੂਬ ਹੰਗਾਮਾ ਹੋਇਆ, ਉਸ ਤੋਂ ਬਾਅਦ ਕਈ ਘੰਟੇ ਇਸ ਬਿੱਲ ਉੱਤੇ ਚਰਚਾ ਹੋਈ ਅਤੇ ਆਖ਼ਰ ਪਾਸ ਕਰ ਦਿੱਤਾ ਗਿਆ।ਇਹ ਬਿੱਲ ਪ੍ਰਤੀ ਪੇਂਡੂ ਪਰਿਵਾਰ ਸਾਲਾਨਾ ਰੁਜ਼ਗਾਰ ਗਰੰਟੀ ਨੂੰ 100 ਤੋਂ ਵਧਾ ਕੇ 125 ਦਿਨ ਕਰਦਾ ਹੈ ਅਤੇ ਇਸ ਦੇ ਇਲਾਵਾ ਕੁਝ ਹੋਰ ਬਦਲਾਅ ਹਨ। ਸਕੀਮ ਦਾ ਨਾਮ ਬਦਲਣ ਤੋਂ ਲੈ ਕੇ ਬਿੱਲ ਵਿਚਲੀਆਂ ਕੁਝ ਤਜਵੀਜ਼ਾਂ ਉੱਤੇ ਵਿਰੋਧੀ ਧਿਰਾਂ ਸਰਕਾਰ ਉੱਤੇ ਸਵਾਲ ਖੜ੍ਹੇ ਕਰ ਰਹੀਆਂ ਹਨ। ਦੂਜੇ ਪਾਸੇ ਸਰਕਾਰ ਨੇ ਕਿਹਾ ਹੈ ਕਿ ਵਿਰੋਧੀਆਂ ਦੇ ਇਲਜ਼ਾਮ ਗੁਮਰਾਹਕੁੰਨ ਹਨ।

ਜਾਣਦੇ ਹਾਂ ਕਿ ਇਸ ਬਿੱਲ ਉੱਤੇ ਸਦਨ ਵਿੱਚ ਹੰਗਾਮਾ ਕਿਉਂ ਹੋਇਆ, ਨਵੇਂ ਪ੍ਰਸਤਾਵਿਤ ਬਿੱਲ ਵਿੱਚ ਕੀ ਹੈ, ਵਿਰੋਧੀਆਂ ਨੂੰ ਕੀ ਇਤਰਾਜ਼ ਹੈ ਅਤੇ ਸਰਕਾਰ ਦੀ ਕੀ ਦਲੀਲ ਹੈ ਅਤੇ ਮਾਹਰ ਇਸ ਬਾਰੇ ਕੀ ਕਹਿੰਦੇ ਹਨ

**ਬਿੱਲ ਦੇ ਵਿਰੋਧ ਵਜੋਂ ਸਦਨ ਦੇ ਅੰਦਰ ਅਤੇ ਬਾਹਰ ਹੁਣ ਤੱਕ ਕੀ ਹੋਇਆ**

ਜਿਵੇਂ ਹੀ ਮੰਗਲਵਾਰ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਬਿੱਲ ਪੇਸ਼ ਕੀਤਾ ਤਾਂ ਲੋਕ ਸਭਾ ਵਿੱਚ ਰੌਲਾ ਪੈਣ ਲੱਗਿਆ। ਡੀਐਮਕੇ, ਕਾਂਗਰਸ, ਸਪਾ ਅਤੇ ਐੱਨਸੀਪੀ ਦੇ ਸੰਸਦ ਮੈਂਬਰਾਂ ਨੇ ਵਿਰੋਧ ਜਤਾਇਆ। ਕਾਂਗਰਸ ਸਾਂਸਦ ਪ੍ਰਿਯੰਕਾ ਗਾਂਧੀ ਨੇ ਕਿਹਾ ਕਿ ਉਹ ਬਿੱਲ ਦਾ ਵਿਰੋਧ ਕਰਦੇ ਹਨ। ਹਰ ਯੋਜਨਾ ਦਾ ਨਾਮ ਬਦਲਣ ਦੀ ਸਨਕ ਸਮਝ ਨਹੀਂ ਆਉਂਦੀ ਹੈ। ਉਨ੍ਹਾਂ ਕਿਹਾ,÷ਮਹਾਤਮਾ ਗਾਂਧੀ ਮੇਰੇ ਪਰਿਵਾਰ ਦੇ ਨਹੀਂ, ਮੇਰੇ ਪਰਿਵਾਰ ਵਰਗੇ ਹੀ ਹਨ। ਪੂਰੇ ਦੇਸ਼ ਦੀ ਇਹੀ ਭਾਵਨਾ ਹੈ। ਘੱਟੋ-ਘੱਟ ਇਸ ਬਿੱਲ ਨੂੰ ਸਥਾਈ ਸਮਿਤੀ ਦੇ ਕੋਲ ਭੇਜੋ। ਕੋਈ ਬਿੱਲ ਕਿਸੇ ਦੀ ਨਿੱਜੀ ਅਭਿਲਾਸ਼ਾ ਦੇ ਅਧਾਰ ਉੱਤੇ ਪੇਸ਼ ਨਹੀਂ ਹੋਣਾ ਚਾਹੀਦਾ ਅਤੇ ਨਾ ਹੀ ਪਾਸ ਹੋਣਾ ਚਾਹੀਦਾ ਹੈ। ਮਨਰੇਗਾ ਦਾ ਨਾਮ ਬਦਲਣ ਦੇ ਮੁੱਦੇ ਉੱਤੇ ਮੰਗਲਵਾਰ ਨੂੰ ਵੀ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਸੰਸਦ ਕੰਪਲੈਕਸ ਵਿੱਚ ਮਹਾਤਮਾ ਗਾਂਧੀ ਦੇ ਬੁੱਤ ਕੋਲ ਮਹਾਤਮਾ ਗਾਂਧੀ ਦੀਆਂ ਤਸਵੀਰਾਂ ਹੱਥ ਵਿੱਚ ਲੈ ਕੇ ਪ੍ਰਦਰਸ਼ਨ ਕੀਤਾ ਸੀ ਅਤੇ ਫਿਰ ਵੀਰਵਾਰ ਨੂੰ ਵੀ ਕੁਝ ਸਾਂਸਦਾਂ ਨੇ ਪ੍ਰਦਰਸ਼ਨ ਕੀਤਾ।

**ਸਰਕਾਰ ਨੇ ਵਿਰੋਧੀਆਂ ਨੂੰ ਕੀ ਜਵਾਬ ਦਿੱਤਾ ਸੀ**

ਸਰਕਾਰ ਦਾ ਦਾਅਵਾ ਹੈ ਕਿ ਇਸ ਬਿੱਲ ਦੇ ਤਹਿਤ ਗ੍ਰਾਮੀਣ ਇਲਾਕਿਆਂ ਵਿੱਚ ਜਲ ਸੁਰੱਖਿਆ ਦੀ ਗਰੰਟੀ ਦਿੱਤੀ ਜਾਵੇਗੀ ਅਤੇ ਲੋਕਾਂ ਨੂੰ ਇਸ ਨਾਲ ਜੁੜੇ ਕੰਮਾਂ ਤਹਿਤ ਰੁਜ਼ਗਾਰ ਦਿੱਤਾ ਜਾਵੇਗਾ। ਜਿਸ ਨਾਲ ਇਨ੍ਹਾਂ ਇਲਾਕਿਆਂ ਵਿੱਚ ਪਾਣੀ ਅਤੇ ਸਿੰਜਾਈ ਦੇ ਲਈ ਵਧੀਆ ਸੰਸਾਧਨ ਮੁਹੱਈਆ ਕਰਵਾਏ ਜਾ ਸਕਣਗੇ। ਸਦਨ ਅੰਦਰ ਵਿਰੋਧੀਆਂ ਦੇ ਸਵਾਲਾਂ ਦੇ ਜਵਾਬ ਦਿੰਦੇ ਹੋਏ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ,÷ਮਹਾਤਮਾ ਗਾਂਧੀ ਸਾਡੇ ਦਿਲਾਂ ਵਿੱਚ ਵੱਸਦੇ ਹਨ। ਮਹਾਤਮਾ ਗਾਂਧੀ ਦਾ ਸੰਕਲਪ ਸੀ ਕਿ ਜੋ ਸਭ ਤੋਂ ਹੇਠਾਂ ਹਨ ਉਨ੍ਹਾਂ ਦਾ ਕਲਿਆਣਾ ਸਭ ਤੋਂ ਪਹਿਲਾਂ ਕੀਤਾ ਜਾਵੇ। ਅਸੀਂ ਯੂਪੀਏ ਤੋਂ 4 ਗੁਣਾ ਜ਼ਿਆਦਾ ਮਨਰੇਗਾ ਵਿੱਚ ਖਰਚ ਕਰਕੇ ਯੋਜਨਾ ਨੂੰ ਮਜਬੂਤ ਕੀਤਾ ਹੈ। ਤਕਲੀਫ ਕੀ ਹੈ ਜੇਕਰ 100 ਦੀ ਥਾਂ 125 ਦਿਨਾਂ ਦੀ ਗਰੰਟੀ ਦੇਵਾਂਗੇ। 1 ਲੱਖ 51 ਹਜ਼ਾਰ ਕਰੋੜ ਤੋਂ ਵੱਧ ਦੀ ਰਕਮ ਦੀ ਤਜਵੀਜ਼ ਕੀਤੀ ਗਈ ਹੈ। ਇਸ ਬਿੱਲ ਨਾਲ ਅਸੀਂ ਗਰੀਬ ਦਾ ਸਨਮਾਨ ਅਤੇ ਮਹਾਤਮਾ ਗਾਂਧੀ ਦਾ ਸਪਨਾ ਪੂਰਾ ਕਰ ਰਹੇ ਹਾਂ। ਇਹ ਬਿੱਲ ਮਹਾਤਮਾ ਗਾਂਧੀ ਦੀਆਂ ਭਾਵਨਾਵਾਂ ਦੇ ਅਨੁਰੂਪ ਹੈ।

**ਮਨਰੇਗਾ ਸਕੀਮ ਕੀ ਹੈ**

ਮਨਰੇਗਾ ਹਰ ਗ੍ਰਾਮੀਣ ਪਰਿਵਾਰ ਦੇ ਇੱਕ ਸ਼ਖ਼ਸ ਨੂੰ ਘੱਟੋ-ਘੱਟ ਦਿਹਾੜੀ ਦੇ ਨਾਲ 100 ਦਿਨ ਦੇ ਰੁਜ਼ਗਾਰ ਦੀ ਗਰੰਟੀ ਦਿੰਦਾ ਹੈ। ਮਨਰੇਗਾ ਦੇ ਜ਼ਰੀਏ ਕੰਮ ਦਾ ਅਧਿਕਾਰ ਦਾ ਕਾਨੂੰਨ ਅਗਸਤ, 2005 ਵਿੱਚ ਪਾਸ ਹੋਇਆ ਸੀ। ਮਨਰੇਗਾ ਨੂੰ ਪਹਿਲਾਂ ਭਾਰਤ ਦੇ 625 ਜ਼ਿਲ੍ਹਾਂ ਵਿੱਚ ਲਾਗੂ ਕੀਤਾ ਗਿਆ ਸੀ। ਪਰ ਸਾਲ 2008 ਵਿੱਚ ਭਾਰਤ ਦੇ ਸਾਰੇ ਜ਼ਿਲ੍ਹਿਆਂ ਵਿੱਚ ਲਾਗੂ ਕਰ ਦਿੱਤਾ ਗਿਆ ਸੀ। ਮਨਰੇਗਾ ਯੋਜਨਾ ਦਾ ਕੰਮਕਾਜ ਗ੍ਰਾਮ ਪੰਚਾਇਤ ਦੇ ਅਧੀਨ ਹੁੰਦਾ ਹੈ। ਅਰਜ਼ੀ ਦੇਣ ਦੇ 15 ਦਿਨਾਂ ਦੇ ਅੰਦਰ ਕੰਮ ਨਾ ਮਿਲਣ ਉੱਤੇ ਅਰਜ਼ੀ ਦੇਣ ਵਾਲੇ ਨੂੰ ਬੇਰੁਜ਼ਗਾਰੀ ਭੱਤਾ ਦਿੱਤੇ ਜਾਣ ਦਾ ਵੀ ਮਤਾ ਹੈ। ਇਸ ਸਕੀਮ ਤਹਿਤ 18 ਸਾਲ ਤੋਂ ਵੱਧ ਉਮਰ ਦਾ ਗ੍ਰਾਮੀਣ ਵਿਅਕਤੀ (ਬਾਲਗ) ਕੰਮ ਲਈ ਅਰਜ਼ੀ ਦੇ ਸਕਦਾ ਹੈ। ਸੜਕ, ਤਲਾਬ, ਨਹਿਰਾਂ ਅਤੇ ਅਜਿਹੇ ਕੁਝ ਕੰਮਾਂ ਦੌਰਾਨ ਮਜ਼ਦੂਰੀ ਮਿਲਦੀ ਹੈ। ਮਜ਼ਦੂਰੀ ਦਾ ਭੁਗਤਾਨ ਸਿੱਧਾ ਬੈਂਕ ਜਾਂ ਪੋਸਟ ਦਫਤਰ ਖਾਤੇ ਵਿੱਚ ਆਉਣ ਦੀ ਤਜਵੀਜ਼ ਹੈ। ਇਸ ਮੁਤਾਬਕ ਘੱਟੋ-ਘੱਟ ਇੱਕ ਤਿਹਾਈ ਕਾਮੇ ਮਹਿਲਾਵਾਂ ਹੋਣੀਆਂ ਲਾਜ਼ਮੀ ਹਨ।

**ਵੀਬੀ-ਜੀ ਰਾਮ ਜੀ ਬਿੱਲ ਵਿੱਚ ਕਿਹੜੇ ਬਦਲਾਵਾਂ ਦੀ ਤਜਵੀਜ਼**

ਕੰਮ ਦੇ ਦਿਨ ਵਧਾਏ-ਮਨਰੇਗਾ ਤਹਿਤ ਕੰਮ ਦੇ ਦਿਨ 100 ਹਨ ਜਦੋਂਕਿ ਨਵੇਂ ਬਿੱਲ ਵਿੱਚ ਤਜਵੀਜ਼ ਹੈ ਕਿ 125 ਦਿਨ ਰੁਜ਼ਗਾਰ ਮਿਲੇਗਾ। ਉਨ੍ਹਾਂ ਲੋਕਾਂ ਨੂੰ ਜੋ ਆਪਣੀ ਇੱਛਾ ਨਾਲ ਅਨਸਕਿੱਲਡ ਸਰੀਰਕ ਮਜਦੂਰੀ ਕਰਨਾ ਚਾਹੁੰਦੇ ਹਨ। ਸਾਲ ਦੇ 60 ਦਿਨਾਂ ਦੌਰਾਨ ਰੁਜ਼ਗਾਰ ਨਹੀਂ-ਇੱਕ ਵਿੱਤੀ ਸਾਲ ਦੌਰਾਨ ਖੇਤੀ ਸੀਜ਼ਨ (ਬਿਜਾਈ ਅਤੇ ਵਾਢੀ) ਦੇ ਦਿਨਾਂ ਵਿੱਚ (60 ਦਿਨ) ਲਈ ਮਜ਼ਦੂਰਾਂ ਦੀ ਉਪਲੱਬਧਤਾ ਲਈ ਐਕਟ ਅਧੀਨ ਰੁਜ਼ਗਾਰ ਨਹੀਂ ਮਿਲੇਗਾ। ਸੂਬਾ ਸਰਕਾਰ ਇਸ ਬਾਰੇ ਪਹਿਲਾਂ ਹੀ ਜਾਣਕਾਰੀ ਦੇਣਗੀਆਂ। ਫੰਡ ਸ਼ੇਅਰਿੰਗ-ਸਕੀਮ ਲਈ ਫੰਡ ਦੇ 90:10 ਦੇ ਅਨੁਪਾਤ ਨੂੰ 60:40 ਕਰ ਦਿੱਤਾ ਗਿਆ, ਜਿਸ ਦਾ ਭਾਵ ਹੈ 60 ਫੀਸਦ ਫੰਡ ਕੇਂਦਰ ਅਤੇ 40 ਫੀਸਦ ਸੂਬਾ ਸਰਕਾਰ ਤੋਂ ਆਉਣਗੇ। ਹਾਲਾਂਕਿ ਉੱਤਰ-ਪੂਰਬੀ ਅਤੇ ਹਿਮਾਲੀਅਨ ਰਾਜਾਂ ਸਣੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਲਈ ਅਨੁਪਾਤ 90:10 ਹੀ ਰਹੇਗਾ।

ਗਵਰਨਿੰਗ ਬਾਡੀ: ਸਕੀਮ ਲਾਗੂ ਕਰਨ ਅਤੇ ਨਿਗਰਾਨੀ ਕਰਨ ਵਾਲੀ ਅਥਾਰਿਟੀ ਸੈਂਟਰ ਗ੍ਰਾਮੀਣ ਰੁਜ਼ਗਾਰ ਗਰੰਟੀ ਕਾਊਂਸਲ ਹੋਵੇਗੀ। ਪਾਰਦਰਸ਼ਤਾ-ਜੀਓ ਟੈਗਿੰਗ, ਡਿਜ਼ੀਟਲ ਰਿਕਾਰਡਿੰਗ ਸਣੇ ਹੋਰ ਤਕਨੀਕਾਂ ਰਾਹੀਂ ਪਾਰਦਰਸ਼ਿਤਾ ਯਕੀਨੀ ਬਣਾਉਣ ਦਾ ਦਾਅਵਾ ਕੀਤਾ ਗਿਆ ਹੈ।ਪੇਂਡੂ ਵਿਕਾਸ ਮੰਤਰਾਲੇ ਦੀ ਵੈਬਸਾਈਟ ਉੱਤੇ ਦਿੱਤੀ ਜਾਣਕਾਰੀ ਮੁਤਾਬਕ ਵਿੱਤੀ ਸਾਲ 2025-26 ਦੌਰਾਨ ਪੂਰੇ ਦੇਸ਼ ਵਿੱਚ ਕੁੱਲ 27 ਕਰੋੜ 97 ਲੱਖ 98 ਹਜ਼ਾਰ ਦੇ ਲਗਭਗ ਰਜਿਸਟਡ ਮਨਰੇਗਾ ਵਰਕਰ ਹਨ, ਜਿਨ੍ਹਾਂ ਵਿੱਚੋਂ 12 ਕਰੋੜ 16 ਲੱਖ 37 ਹਜ਼ਾਰ ਦੇ ਲਗਭਗ ਐਕਟਿਵ ਮਨਰੇਗਾ ਵਰਕਰ ਹਨ। ਜਦੋਂ ਕਿ ਪੰਜਾਬ ਦੇ 23 ਜ਼ਿਲ੍ਹਿਆਂ ਦੇ 134 ਬਲਾਕਸ ਵਿੱਚ ਕੁੱਲ ਮਨਰੇਗਾ ਵਰਕਰਾਂ ਦੀ ਗਿਣਤੀ 30 ਲੱਖ 29 ਹਜ਼ਾਰ ਤੋਂ ਪਾਰ ਹੈ। ਇਨ੍ਹਾਂ ਵਿੱਚੋਂ ਐਕਟਿਵ ਵਰਕਰਾਂ ਦੀ ਗਿਣਤੀ ਲਗਭਗ 15 ਲੱਖ ਹੈ। ਸਭ ਤੋਂ ਵੱਧ ਮਨਰੇਗਾ ਵਰਕਰ ਬਿਹਾਰ ਤੋਂ ਹਨ, ਇਹ ਅੰਕੜਾ 2 ਕਰੋੜ 75 ਲੱਖ ਤੋਂ ਪਾਰ ਹੈ। ਜਦੋਂ ਕਿ ਐਕਟਿਵ ਵਰਕਰਾਂ ਦੀ ਵੱਧ ਗਿਣਤੀ ਉੱਤਰ-ਪ੍ਰਦੇਸ਼ ਵਿੱਚ ਹੈ।

ਉਨ੍ਹਾਂ ਕਿਹਾ, “ਹੁਣ ਜਦੋਂ ਤਿੰਨ ਦਿਨ ਰਹਿ ਗਏ ਸੈਸ਼ਨ ਦੇ ਤਾਂ ਅਜਿਹਾ ਬਿੱਲ ਲੈ ਆਏ। ਦੱਸੋ ਨਾਮ ਬਦਲ ਕੇ ਗਰੀਬਾਂ ਦਾ ਕੀ ਭਲਾ ਹੋਵੇਗਾ। ਉਨ੍ਹਾਂ ਕਿਹਾ, ÷ਦੁੱਖ ਦੀ ਗੱਲ ਇਹ ਹੈ ਕਿ ਇਸ ਨਵੇਂ ਕਾਨੂੰਨ ਨਾਲ ਮਨਰੇਗਾ ਵਿੱਚੋਂ ਤੁਸੀਂ ਗਰੀਬ ਦਾ ਹੱਕ ਖੋਹ ਰਹੇ ਹੋ ਅਤੇ ਭਗਵਾਨ ਰਾਮ ਦੇ ਨਾਮ ਪਿੱਛੇ ਤੁਸੀਂ ਲੁਕ ਰਹੇ ਹੋ। “ਫੰਡ ਦਾ ਅਨੁਪਾਤ 90:10 ਦੀ ਥਾਂ 60:40 ਕਰਕੇ ਸੂਬਿਆਂ ਉੱਤੇ ਪਕੜ ਬਣਾ ਰਹੇ ਹਨ। ਇਸ ਦਾ ਭਾਵ ਹੈ ਕਿ ਜਿਨ੍ਹਾਂ ਸੂਬਿਆਂ ਕੋਲ ਪੈਸੇ ਨਹੀਂ ਹਨ ਉੱਥੇ ਮਨਰੇਗਾ ਖ਼ਤਮ ਹੋਵੇਗਾ। ਇਨ੍ਹਾਂ ਨੂੰ ਗਰੀਬ, ਮਜਦੂਰ ਅਤੇ ਘੱਟ ਗਿਣਤੀਆਂ ਨਾਲ ਕੋਈ ਮਤਲਬ ਨਹੀਂ ਹੈ। ਪੰਜਾਬ ਦੀ ਆਮ ਆਦਮੀ ਪਾਰਟੀ ਦੇ ਆਗੂ ਨੀਲ ਗਰਗ ਨੇ ਕਿਹਾ, ÷ਨਵੇਂ ਬਿੱਲ ਨਾਲ ਕੇਂਦਰ ਦੀ ਭਾਜਪਾ ਨੇ ਮਜ਼ਦੂਰ ਦੇ ਚੁੱਲ੍ਹੇ ਨੂੰ ਗ੍ਰਹਿਣ ਲਾਇਆ ਹੈ। ਇਸ ਦੇ ਕਲੌਜ਼ 68 ਮੁਤਾਬਕ ਖੇਤੀ ਦੇ ਪੀਕ ਸੀਜ਼ਨ ’ਚ ਮਜ਼ਦੂਰਾਂ ਨੂੰ ਕੰਮ ਦੀ ਕੋਈ ਗਰੰਟੀ ਨਹੀਂ, ਜਿਸ ਨਾਲ ਪੇਂਡੂ ਮਜ਼ਦੂਰ ਦਾ ਸੋਸ਼ਣ ਵਧੇਗਾ। ਸੂਬਿਆਂ ’ਚ ਕੰਮ ਨਿਰਧਾਰਿਤ ਦਾ ਫ਼ੈਸਲਾ ਵੀ ਕੇਂਦਰ ਸਰਕਾਰ ਕਰੇਗੀ।

## ਬਿੱਲ ਦੀਆਂ ਕਿਹੜੀਆਂ ਮਦਾਂ ਉੱਤੇ ਵਿਰੋਧੀਆਂ ਨੂੰ ਇਤਰਾਜ਼

ਵਿਰੋਧੀ ਧਿਰ ਕਾਂਗਰਸ ਵੱਲੋਂ ਇਸ ਬਿੱਲ ਦੇ ਖਰੜੇ ਉੱਤੇ ਸਵਾਲ ਖੜੇ ਕੀਤੇ ਗਏ ਹਨ। ਪ੍ਰਿਯੰਕਾ ਗਾਂਧੀ ਨੇ ਕਿਹਾ, ÷ਸਾਡੇ ਸੰਵਿਧਾਨ ਦੀ ਜੋ ਮੂਲ ਭਾਵਨਾ ਹੈ, ਹਰ ਇੱਕ ਵਿਅਕਤੀ ਦੇ ਹੱਥਾਂ ਵਿੱਚ ਸ਼ਕਤੀ ਹੋਣੀ ਚਾਹੀਦੀ ਹੈ। ਇਹ ਬਿੱਲ ਇਸ ਮੂਲ ਭਾਵਨਾ ਦੇ ਖ਼ ?ਲਾਫ ਹੈ। ਇਸ ਨਾਲ ਰੁਜ਼ਗਾਰ ਦਾ ਕਾਨੂੰਨੀ ਅਧਿਕਾਰ ਕਮਜ਼ੋਰ ਹੋ ਰਿਹਾ ਹੈ। ਮਨਰੇਗਾ ਵਿੱਚ 90 ਹਿੱਸਾ ਕੇਂਦਰ ਤੋਂ ਆਉਂਦਾ ਸੀ, ਹੁਣ ਇਸ ਬਿੱਲ ਦੁਆਰਾ ਜ਼ਿਆਦਤਰ ਪ੍ਰਦੇਸ਼ਾਂ ਲਈ ਕੇਂਦਰ ਦਾ ਹਿੱਸਾ 60 ਫੀਸਦ ਰਹਿ ਜਾਵੇਗਾ। ਇਸ ਨਾਲ ਸੂਬਿਆਂ ਦੀ ਅਰਥਵਿਵਸਥਾ ਉੱਤੇ ਭਾਰ ਪਵੇਗਾ। ਬਿੱਲ ਜ਼ਰੀਏ ਕੇਂਦਰ ਦਾ ਕੰਟਰੋਲ ਵਧਾਇਆ ਜਾ ਰਿਹਾ ਹੈ ਅਤੇ ਜ਼ਿੰਮੇਵਾਰੀ ਨੂੰ ਘਟਾਇਆ ਜਾ ਰਿਹਾ ਹੈ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਅਤੇ ਕਾਂਗਰਸ ਸਾਂਸਦ ਰਾਹੁਲ ਗਾਂਧੀ ਨੇ ਕਿਹਾ ਕਿ ਉਹ ਸੜਕ ਤੋਂ ਸੰਸਦ ਤੱਕ ਵਿਕਸਿਤ ਭਾਰਤ-ਗਰੰਟੀ ਫਾਰ ਰੁਜ਼ਗਾਰ ਅਤੇ ਅਜੀਵਿਕਾ ਮਿਸ਼ਨ(ਗ੍ਰਾਮੀਣ) ਦਾ ਵਿਰੋਧ ਕਰਨਗੇ। ਉਨ੍ਹਾਂ ਨੇ ਸੋਸ਼ਲ ਮੀਡੀਆ ਉੱਤੇ ਪਾਈ ਇੱਕ ਪੋਸਟ ਵਿੱਚ ਲਿਖਿਆ,÷ਭਾਰੀ ਬੇਰੁਜ਼ਗਾਰੀ ਦੇ ਜ਼ਰੀਏ ਭਾਰਤ ਦੇ ਨੌਜਵਾਨਾਂ ਦਾ ਭਵਿੱਖ ਬਰਬਾਦ ਕਰਨ ਤੋਂ ਬਾਅਦ, ਮੋਦੀ ਸਰਕਾਰ ਹੁਣ ਗਰੀਬ ਗ੍ਰਾਮੀਣ ਪਰਿਵਾਰਾਂ ਦੀ ਸੁਰੱਖਿਅਤ ਰੋਜ਼ੀ-ਰੋਟੀ ਨੂੰ ਨਿਸ਼ਾਨਾ ਬਣਾ ਰਹੀ ਹੈ। ਇੱਕ ਪ੍ਰੈਸ ਕਾਨਫਰੈਂਸ ਦੌਰਾਨ ਵਿਕਸਿਤ ਭਾਰਤ ਜੀ ਰਾਮ ਜੀ ਬਿੱਲ ਬਾਰੇ ਹੋਏ ਸਵਾਲ ਦੇ ਜਵਾਬ ਵਜੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ, ÷ਨਾਮ ਨਾਲ ਕੀ ਹੁੰਦਾ, ਗੁਣਾ ਨਾਲ ਹੁੰਦਾ ਕੰਮ ਤਾਂ, ਉਸ ਨਾਲ ਲੋਕਾਂ ਨੂੰ ਕੀ ਫਰਕ ਪਿਆ। ਜਿਹੜੇ ਮਨਰੇਗਾ ਦੇ ਜਿਹੜੇ ਦਿਹਾੜੀਦਾਰ ਨੇ ਉਹ ਕਹਿੰਦੇ ਨੇ 150 ਦਿਨ ਪੂਰੇ ਕਰ ਦਿਓ ਅਤੇ ਦਿਹਾੜੀ ਦੇ ਦਿਓ, ਨਾਮ ਜਿਹੜਾ ਮਰਜ਼ੀ ਰੱਖ ਲਵੋ। ਉਹ ਅਗਾਂਹ ਕਹਿੰਦੇ ਹਨ,÷ਦਿਹਾੜੀ ਸਹੀ ਬੰਦਿਆਂ ਨੂੰ ਮਿਲੇ, ਕੰਮ ਸਾਡੀਆਂ ਬਜ਼ੁਰਗ ਮਾਵਾਂ ਤੋਂ ਕਰਵਾ ਲੈਂਦੇ ਹਨ ਅਤੇ ਪੈਸੇ ਕਿਸੇ ਹੋਰ ਨੂੰ ਮਿਲ ਜਾਂਦੇ ਹਨ, ਕੱਚੇ ਰਜਿਸਟਰ ਉੱਤੇ ਅੰਗੂਠੇ ਲਗਵਾ ਲੈਂਦੇ ਹਨ। ਬਹੁਤ ਜਗ ?ਹਾਂ ਉੱਤੇ ਅਸੀਂ ਸੋਧਿਆ ਹੈ ਇਹ ਕੰਮ। ਅਕਾਲੀ ਦਲ ਦੇ ਬਠਿੰਡਾ ਤੋਂ ਸਾਂਸਦ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਅਫਸੋਸ ਹੈ ਕਿ ਸੰਸਦ ਬਣੀ ਹੈ ਗਰੀਬਾਂ ਦਾ ਭਲਾ ਕਰਨ ਦੇ ਲਈ ਪਰ ਸਾਰੇ ਸੈਸ਼ਨ ਵਿੱਚ ਵੰਦੇ ਮਾਤਰਮ ਵਰਗੇ ਮੁੱਦਿਆਂ ਉੱਤੇ ਲੰਬੀ ਬਹਿਸ ਦਾ ਸਮਾਂ ਹੈ, ਜਿਸ ਤੋਂ ਗਰੀਬਾਂ ਨੂੰ ਕੋਈ ਸਿੱਧਾ ਫਾਇਦਾ ਨਹੀਂ ਹੋਣਾ।

# Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 333
Website: www.preetnama.com Email preetnamausa@gmail.com
19 DEC TO 23 DEC, 2025




# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 333 | Website: www.preetnama.com Email preetnamausa@gmail.com | 19 DEC TO 23 DEC, 2025




# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM


Chief Editor
Pritpal Kaur
+1 201-312-4180


Vol 4, Issue 333

Website: www.preetnama.com Email preetnamausa@gmail.com

19 DEC TO 23 DEC, 2025


# ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਦੇ ਸਾਬਕਾ ਜਥੇਦਾਰ ਦਾ ਅਮਰੀਕਾ ਪਹੁੰਚਣ ਤੇ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਵਲੋਂ ਵਿਸ਼ੇਸ਼ ਸਨਮਾਨ

ਅਮਰੀਕਾ ( ) ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਦੇ ਸਾਬਕਾ ਜਥੇਦਾਰ ਦਾ ਅਮਰੀਕਾ ਸਮਾਗਮ ਚ ਪਹੁੰਚਣ ਤੇ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਦੇ ਪ੍ਰਧਾਨ ਸੁਖਜਿੰਦਰ ਸਿੰਘ ਸੁਭਾਨਪੁਰ ਤੇ ਸਮੂਹ ਜਥੇਬੰਦੀ ਵਲੋਂ ਊਨਾ ਦਾ ਭਰਵਾ ਸਨਮਾਨ ਕੀਤਾ ਗਿਆ। ਗਿਆਨੀ ਸੁਲਤਾਨ ਸਿੰਘ ਸੰਨ 2008 ਵਿਚ ਬਤੌਰ ਗ੍ਰੰਥੀ ਸਿੰਘ ਭਰਤੀ ਹੋਏ ਅਤੇ ਸੰਨ 2015 ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਰਦਾਸੀਆ ਵਜੋਂ ਸੇਵਾ ਸੰਭਾਲੀ। ਸੰਨ 2021 ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਵਜੋਂ ਨਿਯੁਕਤ ਹੋਏ ਗਿਆਨੀ ਸੁਲਤਾਨ ਸਿੰਘ ਨੂੰ 16 ਜੂਨ 2023 ਨੂੰ ਸ਼ ?ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਫੈਸਲਾ ਕਰਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਨਿਯੁਕਤ ਕੀਤਾ ਗਿਆ ਸੀ । ਇਸ ਮੌਕੇ ਸਮਾਗਮ ਦੌਰਾਨ ਗਿਆਨੀ ਸੁਲਤਾਨ ਸਿੰਘ ਵਲੋਂ ਕਥਾ ਰਹੀ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਦੇ ਸਮੂਹ ਅਹੁਦੇਦਾਰ ਹਾਜਿਰ ਸਨ।






ਤਸਵੀਰਾਂ ਅਤੇ ਵੇਰਵੇ : ਬੀ. ਜੇ. ਸਟੂਡੀਓ
646-403-7334









# Preetnama

Khara Sach

ਪ੍ਰੀਤਨਾਮਾ ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 333 | Website: www.preetnama.com Email preetnamausa@gmail.com | 19 DEC TO 23 DEC, 2025


# ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਦੇ ਸਾਬਕਾ ਜਥੇਦਾਰ ਦਾ ਅਮਰੀਕਾ ਪਹੁੰਚਣ ਤੇ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਵਲੋਂ ਵਿਸ਼ੇਸ਼ ਸਨਮਾਨ






ਤਸਵੀਰਾਂ ਅਤੇ ਵੇਰਵੇ : ਬੀ. ਜੇ. ਸਟੂਡੀਓ
646-403-7334









# Preetnama

Khara Sach

ਪ੍ਰੀਤਨਾਮਾ
ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 333 | Website: www.preetnama.com Email preetnamausa@gmail.com | 19 DEC TO 23 DEC, 2025


# ਕੌਣ ਸੀ ਰਾਣਾ ਬਲਾਚੌਰੀਆ, ਮੂਸੇਵਾਲਾ ਦੇ ਕਤਲ ਕੇਸ ’ਚ ਉਸ ਦੀ ਸ਼ਮੂਲੀਅਤ ਦੇ ਦਾਅਵਿਆਂ ਬਾਰੇ ਪੁਲਿਸ ਕੀ ਕਹਿੰਦੀ



## ਦਿਗਵਿਜੈ ਉਰਫ਼ ਰਾਣਾ ਬਲਾਚੌਰੀਆ ਕੌਣ ਸੀ ?

ਕਬੱਡੀ ਪ੍ਰਮੋਟਰ ਰਾਣਾ ਬਲਾਚੌਰੀਆ ਦੇ ਕਤਲ ਤੋਂ ਕਰੀਬ 10 ਦਿਨ ਪਹਿਲਾਂ ਹੀ ਵਿਆਹ ਹੋਇਆ ਸੀ। ਨਵਾਂ ਸ਼ਹਿਰ ਜ਼ਿਲ੍ਹੇ ਵਿੱਚ ਪੈਂਦੇ ਬਲਾਚੌਰ ਦੇ ਪਿੰਡ ਚਣਕੋਆ ਨਾਲ ਸਬੰਧ ਰੱਖਦੇ ਰਾਣਾ ਦਾ ਪੂਰਾ ਨਾਮ ਕੰਵਰ ਦਿਗਵਿਜੈ ਸਿੰਘ ਰਾਣਾ ਸੀ। 30 ਸਾਲਾ ਕੰਵਰ ਦਿਗਵਿਜੈ ਕਬੱਡੀ ਪ੍ਰਮੋਟਰ ਬਣਨ ਤੋਂ ਪਹਿਲਾਂ ਕਬੱਡੀ ਖਿਡਾਰੀ ਸਨ। ਰਾਣਾ ਬਲਾਚੌਰੀਆ ਦੇ ਤਾਇਆ ਸੰਜੀਵ ਨੇ ਕਿਹਾ, ÷ਉਸ ਨੂੰ ਅੱਜ ਤੱਕ ਕੋਈ ਧਮਕੀ ਨਹੀਂ ਆਈ, ਅਜਿਹਾ ਉਸ ਨੇ ਕੁਝ ਨਹੀਂ ਦੱਸਿਆ ਤੇ ਨਾ ਹੀ ਉਸ ਦਾ ਕਿਸੇ ਗੈਂਗਸਟਰ ਨਾਲ ਸਬੰਧ ਸੀ ਉਨ੍ਹਾਂ ਨੇ ਕਿਹਾ, ÷ਮੈਨੂੰ ਲੱਗਦਾ ਹੈ ਉੱਭਰਦਾ ਸਿਤਾਰਾ ਹੋਣ ਕਰਕੇ ਉਹ ਕਿਸੇ ਦੀਆਂ ਅੱਖਾਂ ਵਿੱਚ ਰੜਕਦਾ ਹੋਵੇਗਾ। ਚਣਕੋਆ ਪਿੰਡ ਦੇ ਵਸਨੀਕ ਜਸਬੀਰ ਦੱਸਦੇ ਹਨ ਕਿ ਉਹ ਸ਼ੁਰੂਆਤ ਵਿੱਚ ਬਲਾਚੌਰ ਵਿੱਚ ਹੀ ਕਬੱਡੀ ਖੇਡਦਾ ਸੀ ਅਤੇ ਫਿਰ ਚੰਗਾ ਖਿਡਾਰੀ ਬਣਨ ਤੋਂ ਬਾਅਦ ਪ੍ਰੋਮੋਟਰ ਬਣ ਗਿਆ। ਉਨ੍ਹਾਂ ਨੇ ਅੱਗੇ ਦੱਸਿਆ ਕਿ ਪਿੰਡ ਵਾਲੇ ਉਸ ਨੂੰ ਪਿਆਰ ਨਾਲ ’ਦਿੱਗੂ’ ਆਖ ਕੇ ਬੁਲਾਉਂਦੇ ਸਨ, ÷ਉਹ ਸਾਰਿਆਂ ਨੂੰ ਹੱਸ ਕੇ ਬੁਲਾਉਂਦਾ ਸੀ। ਚਣਕੋਆ ਪਿੰਡ ਦੇ ਰਹਿਣ ਵਾਲੇ ਸੁਖਵਿੰਦਰ ਸਿੰਘ ਦੱਸਦੇ ਹਨ ਕਿ ਉਹ ਰਾਣਾ ਬਲਾਚੌਰੀਆ ਦੇ ਨਜ਼ਦੀਕੀ ਰਹੇ ਹਨ। ਉਨ੍ਹਾਂ ਨੇ ਦੱਸਿਆ, ÷ਪੜ੍ਹਾਈ ਤੋਂ ਬਾਅਦ ਉਸ ਦੀ ਕਬੱਡੀ ਵਿੱਚ ਦਿਲਚਸਪੀ ਸੀ, ਦਿਗਵਿਜੈ 2017 ਤੋਂ 2019 ਤੱਕ ਕਬੱਡੀ ਖੇਡਦਾ ਰਿਹਾ ਸੀ ਅਤੇ ਫਿਰ ਕਬੱਡੀ ਵਾਲਿਆਂ ਨਾਲ ਜਾਣ ਲੱਗ ਪਿਆ ਅਤੇ ਪ੍ਰੋਮੋਟਰ ਬਣ ਗਿਆ, ਉਸ ਵੱਲੋਂ ਕਬੱਡੀ ਦੀਆਂ ਟੀਮਾਂ ਬਣਾਈਆਂ ਜਾਂਦੀਆਂ ਅਤੇ ਖਿਡਾਈਆਂ ਜਾਂਦੀਆਂ ਸਨ। ਪਿੰਡ ਵਾਲਿਆਂ ਦਾ ਕਹਿਣਾ ਹੈ ਕਿ ਦਿਗਵਿਜੈ ਨੌਜਵਾਨਾਂ ਨੂੰ ਨਸ਼ਿਆਂ ਤੋਂ ਰੋਕਦਾ ਸੀ ਅਤੇ ਖੇਡਾਂ ਵਾਲੇ ਪਾਸੇ ਤੋਰਦਾ ਸੀ। ਰਾਣਾ ਬਲਾਚੌਰੀਆ ਦੇ ਰਿਸ਼ਤੇਦਾਰ ਪਵਨ ਨੇ ਬੀਬੀਸੀ ਨੂੰ ਦੱਸਿਆ ਕਿ ਉਨ੍ਹਾਂ ਦੇ ਪਰਿਵਾਰ ਵਿੱਚ ਉਨ੍ਹਾਂ ਦੀ ਪਤਨੀ, ਮਾਪੇ ਅਤੇ ਛੋਟੇ ਭੈਣ-ਭਰਾ ਹਨ। ਪਵਨ ਮੁਤਾਬਕ ਰਾਣਾ ਵੱਲੋਂ ’ਸ਼ਕਰਪੁਰੀਆ’ ਟੀਮ ਬਣਾਈ ਗਈ ਸੀ ਜਿਸ ਨੂੰ ਪੰਜਾਬ ਦੇ ਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਲੈ ਕੇ ਜਾਂਦੇ ਸਨ।

15 ਦਸੰਬਰ ਸ਼ਾਮ ਨੂੰ ਮੁਹਾਲੀ ਦੇ ਸੋਹਾਣਾ ਵਿੱਚ ਟੂਰਨਾਮੈਂਟ ਦੌਰਾਨ ਮਾਰੇ ਗਏ ਕਬੱਡੀ ਪ੍ਰਮੋਟਰ ਰਾਣਾ ਬਲਾਚੌਰੀਆ ਦੇ ਕਾਤਲਾਂ ਅਤੇ ਕਤਲ ਦੇ ਕਾਰਨਾਂ ਬਾਰੇ ਪੁਲਿਸ ਨੇ ਅਹਿਮ ਦਾਅਵੇ ਕੀਤੇ ਹਨ। ਮੁਹਾਲੀ ਦੇ ਐੱਸਐੱਸਪੀ ਹਰਮਨਦੀਪ ਸਿੰਘ ਹੰਸ ਨੇ ਕਿਹਾ, ਇਹ ਕਤਲ ਕਬੱਡੀ ਨੂੰ ਕਾਬੂ ਕਰਨ ਅਤੇ ਇਸ ਉੱਤੇ ਦਬਦਬੇ ਨਾਲ ਜੁੜਿਆ ਹੋਇਆ ਹੈ, ਇਸ ਵਿੱਚ ਸਿੱਧੂ ਮੂਸੇਵਾਲੇ ਦੇ ਕਤਲ ਨਾਲ ਜੁੜਿਆ ਕੋਈ ਐਂਗਲ ਨਹੀਂ ਹੈ। ਪੁਲਿਸ ਨੇ ਕਿਹਾ ਕਿ ਸੋਸ਼ਲ ਮੀਡੀਆ ਉੱਤੇ ਇੱਕ ਪੋਸਟ ਘੁੰਮ ਰਹੀ ਸੀ ਜਿਸ ਵਿੱਚ ਇੱਕ ਗੈਂਗ ਵੱਲੋਂ ਕਤਲ ਦੀ ਜ਼ਿੰਮੇਵਾਰੀ ਲਈ ਗਈ ਹੈ। ਐੱਸਐੱਸਪੀ ਹਰਮਨਦੀਪ ਸਿੰਘ ਨੇ ਕਿਹਾ, ÷ਹੁਣ ਤੱਕ ਸਪਸ਼ਟ ਹੋ ਰਿਹਾ ਹੈ ਕਿ ਰਾਣਾ ਬਲਾਚੌਰੀਆ ਨੂੰ ਜੱਗੂ ਭਗਵਾਨਪੁਰੀਆ ਦੇ ਨਾਲ ਜੋੜਿਆ ਜਾਂਦਾ ਹੈ ਜਾਂ ਕਬੱਡੀ ਵਿੱਚ ਉਸ ਨਾਲ ਇਨ੍ਹਾਂ ਦਾ ਟਾਈਅੱਪ ਸੀ। ਡੌਨੀ ਬੱਲ ਅਤੇ ਲੱਕੀ ਪਟਿਆਲ ਦੋਵੇਂ ਅਲਾਈਡ (ਸਹਿਯੋਗੀ) ਗੈਂਗ ਹਨ, ਉਨ੍ਹਾਂ ਵੱਲੋਂ ਇਸ ਵਾਰਦਾਤ ਦੀ ਜ਼ਿੰਮੇਵਾਰੀ ਲਈ ਗਈ ਹੈ ਅਤੇ ਉਨ੍ਹਾਂ ਦੇ ਸ਼ੂਟਰਜ਼ ਵੱਲੋਂ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਹੈ। ਜੱਗੂ ਭਗਵਾਨਪੁਰੀਆ ਵੱਖ-ਵੱਖ ਮਾਮਲਿਆਂ ਤਹਿਤ ਅਸਾਮ ਦੇ ਸਿਲਚਰ ਵਿਚਲੀ ਜੇਲ੍ਹ ਵਿੱਚ ਬੰਦ ਹੈ, ਉਸ ਉੱਤੇ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਵਿੱਚ ਸ਼ਮੂਲੀਅਤ ਦੇ ਵੀ ਇਲਜ਼ਾਮ ਹਨ। ਅਪਰਾਧ ਦੇ ਕੇਸਾਂ ਵਿੱਚ ਨਾਮ ਆਉਣ ਤੋਂ ਪਹਿਲਾਂ ਜੱਗੂ ਭਗਵਾਨਪੁਰੀਆ ਕਬੱਡੀ ਖਿਡਾਰੀ ਸੀ। ਮੁਹਾਲੀ ਪੁਲਿਸ ਮੁਤਾਬਕ ਦੋ ਸ਼ੂਟਰਾਂ ਦੀ ਪਛਾਣ ਆਦਿੱਤਿਆ ਕਪੂਰ ਉਰਫ਼ ਮੱਖਣ ਅਤੇ ਅੰਮ੍ਰਿਤਸਰ ਦੇ ਕਰਨ ਪਾਠਕ ਵਜੋਂ ਹੋਈ ਹੈ ਜੋ ਕਿ ਡੌਨੀ ਬੱਲ ਗੈਂਗ ਨਾਲ ਸਬੰਧ ਰੱਖਦੇ ਹਨ। ਪੁਲਿਸ ਮੁਤਾਬਕ ਵਾਰਦਾਤ ਵਿੱਚ ਦੋ ਸ਼ੂਟਰਾਂ ਸਣੇ ਕੁਲ 3 ਜਣੇ ਸ਼ਾਮਲ ਸਨ। ਪੁਲਿਸ ਨੇ ਦੱਸਿਆ ਕਿ ਹਮਲਾਵਰ ਮੋਟਰਸਾਈਕਲ ਉੱਤੇ ਆਏ ਸਨ, ਉਨ੍ਹਾਂ ਨੇ ਰਾਣਾ ਨੂੰ ਸੈਲਫੀ ਲੈਣ ਲਈ ਰੋਕਿਆ ਸੀ, ਜਿਵੇਂ ਹੀ ਉਹ ਰੁਕਿਆ ਉਸ ਉੱਤੇ ਨੇੜਿਓਂ ਫਾਇਰ ਕੀਤੇ ਗਏ ਅਤੇ ਹਮਲਾਵਰ ਮੋਟਰਸਾਈਕਲਾਂ ਉੱਤੇ ਫ਼ਰਾਰ ਹੋ ਗਏ। ਐੱਸਐੱਸਪੀ ਨੇ ਕਿਹਾ ਆਦਿੱਤਿਆ ਕਪੂਰ ਉੱਤੇ 13 ਕੇਸ ਦਰਜ ਹਨ ਅਤੇ ਕਰਨ ਪਾਠਕ ਉੱਤੇ 2 ਕੇਸ ਦਰਜ ਹਨ।

ਪੁਲਿਸ ਨੇ ਕਿਹਾ ਕਿ ਮੁਹਾਲੀ ਪੁਲਿਸ ਦੀਆਂ ਟੀਮਾਂ ਅੰਮ੍ਰਿਤਸਰ ਅਤੇ ਦਿੱਲੀ ਵਿੱਚ ਕੰਮ ਕਰ ਰਹੀਆਂ ਹਨ ਅਤੇ ਇਸ ਅਪਰਾਧ ਵਿੱਚ ਸ਼ਾਮਲ ਹੋਰ ਜਣਿਆਂ ਅਤੇ ਮੁੱਖ ਸ਼ੂਟਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਬੁੱਧਵਾਰ ਨੂੰ ਹਾਲਾਂਕਿ ਪੰਜਾਬ ਪੁਲਿਸ ਦੇ ਸੋਸ਼ਲ ਮੀਡੀਆ ਪਲੇਟਫਾਰਮ ਦੇ ਜ਼ਰੀਏ ਇਹ ਜਾਣਕਾਰੀ ਸਾਂਝੀ ਕੀਤੀ ਗਈ ਕਿ ਕੰਵਰ ਦਿਗਵਿਜੇ ਸਿੰਘ ਉਰਫ਼ ਰਾਣਾ ਬਲਾਚੌਰੀਆ ਦੇ ਕਤਲ ਦੇ ਸਬੰਧ ਵਿੱਚ ਤਰਨ ਤਾਰਨ ਦੇ ਪਿੰਡ ਨੌਸ਼ਹਿਰਾ ਪੰਨੂਆਂ ਦੇ ਰਹਿਣ ਵਾਲੇ ਹਰਪਿੰਦਰ ਉਰਫ਼ ਮਿੱਡੂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਦੱਸਿਆ ਗਿਆ ਕਿ ਮੁਲਜ਼ਮ ਨੂੰ ਪੁਲਿਸ ਟੀਮ ਨਾਲ ਹੋਏ ਮੁਕਾਬਲੇ ਤੋਂ ਬਾਅਦ ਕਾਬੂ ਕੀਤਾ ਗਿਆ। ਪੋਸਟ ਵਿੱਚ ਲਿਖਿਆ ਗਿਆ, ÷ਇਸ ਕਾਰਵਾਈ ਦੌਰਾਨ ਮੁਲਜ਼ਮ ਜ਼ਖ਼ਮੀ ਹੋ ਗਿਆ, ਜਿਸ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਮੁਲਜ਼ਮ ਦਾ ਪਿੱਛਾ ਕਰਨ ਦੌਰਾਨ ਦੋ ਪੁਲਿਸ ਮੁਲਾਜ਼ਮ ਵੀ ਜ਼ਖ਼ਮੀ ਹੋਏ ਹਨ, ਜਿਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤਾ ਗਿਆ ਮੁਲਜ਼ਮ ਕਈ ਅਪਰਾਧਾਂ ਵਿੱਚ ਸ਼ਾਮਲ ਹੈ ਅਤੇ ਉਸ ਦਾ ਪਿਛੋਕੜ ਗੰਭੀਰ ਅਪਰਾਧਿਕ ਰਿਹਾ ਹੈ।÷ ਹਾਲਾਂਕਿ ਇਹ ਜ਼ਿਕਰ ਨਹੀਂ ਕੀਤਾ ਗਿਆ ਕਿ ਇਸ ਕੇਸ ਵਿੱਚ ਉਸ ਦੀ ਕੀ ਸ਼ਮੂਲੀਅਤ ਸੀ। ਇਸ ਤੋਂ ਪਹਿਲਾਂ ਮੰਗਲਵਾਰ ਨੂੰ ਹੋਈ ਪ੍ਰੈੱਸ ਕਾਨਫਰੰਸ ਦੌਰਾਨ ਪੱਤਰਕਾਰਾਂ ਵੱਲੋਂ ਰਾਣਾ ਬਲਾਚੌਰੀਆ ਦੇ ਕਤਲ ਦਾ ਸਿੱਧੂ ਮੂਸੇਵਾਲਾ ਕਤਲ ਕੇਸ ਨਾਲ ਲਿੰਕ ਹੋਣ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਐੱਸਐੱਸਪੀ ਨੇ ਕਿਹਾ ਸੀ, ÷ਹੁਣ ਤੱਕ ਦੀ ਜਾਂਚ ਵਿੱਚ ਸਿੱਧੂ ਮੂਸੇਵਾਲਾ ਕਤਲ ਕੇਸ ਵਿੱਚ ਕਦੇ ਵੀ ਰਾਣਾ ਬਲਾਚੌਰੀਆ ਦਾ ਨਾਮ ਨਹੀਂ ਆਇਆ। ਪੁਲਿਸ ਨੇ ਕਿਹਾ ਕਿ ਰਾਣਾ ਬਲਾਚੌਰੀਆ ਦਾ ਕੋਈ ਵੀ ਅਪਰਾਧਕ ਪਿਛੋਕੜ ਹਾਲੇ ਤੱਕ ਸਾਹਮਣੇ ਨਹੀਂ ਆਇਆ ਹੈ ਪਰ ਉਸ ਨੂੰ ਕਬੱਡੀ ਦੇ ਸੰਦਰਭ ਵਿੱਚ ਜੱਗੂ ਭਗਵਾਨਪੁਰੀਆ ਨਾਲ ਜ਼ਰੂਰ ਜੋੜਿਆ ਜਾਂਦਾ ਹੈ। ਪੁਲਿਸ ਨੇ ਕਿਹਾ ਕਿ ਹਮਲਾਵਰ ਇਸੇ ਸ਼ਖ਼ਸ ਨੂੰ ਹੀ ’ਟਾਰਗੇਟ’ ਕਰਨ ਲਈ ਆਏ ਸਨ।

**ਐਕਟਿੰਗ ਅਤੇ ਮਾਡਲਿੰਗ ਦਾ ਵੀ ਸ਼ੌਕ ਸੀ**

ਕਬੱਡੀ ਤੋਂ ਇਲਾਵਾ ਰਾਣਾ ਬਲਾਚੌਰੀਆ ਪੰਜਾਬੀ ਗਾਣਿਆਂ ਵਿੱਚ ਮੌਡਲਿੰਗ ਦਾ ਵੀ ਸ਼ੌਕੀਨ ਸੀ, ਉਹ ਅਕਸਰ ਕਸਰਤ ਕਰਦਿਆਂ ਦੀਆਂ ਆਪਣੀ ਵੀਡੀਓਜ਼ ਜਾਂ ਵੱਖ-ਵੱਖ ਸ਼ਖ਼ਸੀਅਤਾਂ ਨਾਲ ਆਪਣੀਆਂ ਤਸਵੀਰਾਂ ਆਪਣੇ ਇੰਸਟਾਗ੍ਰਾਮ ਅਕਾਊਂਟ ਉੱਤੇ ਸਾਂਝੀਆਂ ਕਰਦੇ ਸਨ। ਉਨ੍ਹਾਂ ਦੇ ਇੰਸਟਾਗ੍ਰਾਮ ਅਕਾਉਂਟ ਉੱਤੇ 29 ਹਜ਼ਾਰ ਤੋਂ ਵੱਧ ਫੋਲੋਅਰਜ਼ ਹਨ। ਚਣਕੋਆ ਪਿੰਡ ਨਾਲ ਸਬੰਧ ਰੱਖਦੇ ਨਵਰਾਜ ਸਿੰਘ ਨੇ ਬੀਬੀਸੀ ਨੂੰ ਦੱਸਿਆ ਕਿ ਕੰਵਰ ਦਿਗਵਿਜੈ ਸਿੰਘ ਬੀਤੇ ਕਾਫ਼ੀ ਸਮੇਂ ਤੋਂ ਮੁਹਾਲੀ ਵਿੱਚ ਰਹਿੰਦੇ ਸਨ ਅਤੇ ਕਬੱਡੀ ਟੀਮ ਨੂੰ ਪ੍ਰਮੋਟ ਕਰਨਾ ਹੀ ਉਨ੍ਹਾਂ ਦਾ ਮੁੱਖ ਕੰਮ ਸੀ। ਉਹ ਦੱਸਦੇ ਹਨ ਕਿ ਉਨ੍ਹਾਂ ਨੂੰ ਰਾਣਾ ਦੀ ਕਿਸੇ ਨਾਲ ਦੁਸ਼ਮਣੀ ਹੋਣ ਬਾਰੇ ਜਾਣਕਾਰੀ ਨਹੀਂ ਹੈ। ਉਨ੍ਹਾਂ ਨੇ ਅੱਗੇ ਦੱਸਿਆ ਕਿ ਰਾਣੇ ਦੇ ਸਬੰਧ ਹਿਮਾਚਲ ਪ੍ਰਦੇਸ਼ ਦੇ ਊਨਾ ਕਸਬੇ ਨਾਲ ਸੀ ਪਰ ਕਾਫ਼ੀ ਸਮਾਂ ਪਹਿਲਾਂ ਉਸ ਦੇ ਬਜ਼ੁਰਗ ਪੰਜਾਬ ਵਿੱਚ ਆ ਕੇ ਰਹਿਣ ਲੱਗ ਪਏ ਸਨ। ਉਨ੍ਹਾਂ ਦੱਸਿਆ, ÷ਦਸ ਦਿਨ ਪਹਿਲਾਂ ਰਾਣੇ ਦਾ ਵਿਆਹ ਸੀ ਹਰ ਕੋਈ ਖ਼ੁਸ਼ ਸੀ ਪਰ ਕਿਸੇ ਨੇ ਸੋਚਿਆ ਵੀ ਨਹੀਂ ਸੀ ਕਿ ਉਸ ਕਤਲ ਕਰ ਦਿੱਤਾ ਜਾਵੇਗਾ। ਬਹੁਤ ਹੀ ਥੋੜ੍ਹੇ ਸਮੇਂ ਵਿੱਚ ਉਸ ਨੇ ਕਬੱਡੀ ਵਿੱਚ ਨਾਮ ਬਣਾ ਕੇ ਬਲਾਚੌਰ ਅਤੇ ਪਿੰਡ ਦਾ ਨਾਮ ਰੌਸ਼ਨ ਕੀਤਾ ਸੀ ਪਰ ਹੁਣ ਲੱਗਦਾ ਹੈ ਕਿ ਉਸ ਦਾ ਨਾਮ ਹੀ ਉਸ ਦੇ ਕਤਲ ਦੀ ਵਜ ?ਹਾ ਬਣ ਗਿਆ।

**ਸੀਐੱਮ ਮਾਨ ਨੇ ਕੀ ਕਿਹਾ**

ਰਾਣਾ ਬਲਾਚੌਰੀਆ ਦੇ ਕਤਲ ਬਾਰੇ ਪੁੱਛੇ ਗਏ ਸਵਾਲ ਬਾਰੇ ਮੁੱਖ ਮੰਤਰੀ ਭਗਵੰਤ ਮਾਨ ਨੇ ਪ੍ਰੈੱਸ ਕਾਨਫਰੰਸ ਵਿੱਚ ਜਵਾਬ ਦਿੱਤਾ। ਉਨ੍ਹਾਂ ਨੇ ਕਿਹਾ, ਸਾਡੇ ਵੱਲੋਂ ਕੋਈ ਘਾਟ ਨਹੀਂ, ਅਸੀਂ ਕਿਸੇ ਨੂੰ ਸ਼ਹਿ ਨਹੀਂ ਦਿੰਦੇ।÷ ਉਨ੍ਹਾਂ ਨੇ ਗੈਂਗਸਟਰਾਂ ਨੂੰ ਪਿਛਲੀਆਂ ਸਰਕਾਰਾਂ ਦੀ ਪੈਦਾਵਾਰ ਦੱਸਿਆ। ਮੁੱਖ ਮੰਤਰੀ ਨੇ ਕਿਹਾ, ÷ਅਸੀਂ ਆਉਣ ਵਾਲੇ ਦਿਨਾਂ ਵਿੱਚ ਇੱਕ ਰੋਡਮੈਪ ਦੇਵਾਂਗੇ, ਅਸੀਂ ਕਿਸੇ ਨੂੰ ਵੀ ਕਾਨੂੰਨ ਪ੍ਰਬੰਧ ਨੂੰ ਹੱਥ ਵਿੱਚ ਲੈਣ ਦੀ ਇਜਾਜ਼ਤ ਨਹੀਂ ਦੇਵਾਂਗੇ।÷

**ਕੌਣ ਹੈ ਜੱਗੂ ਭਗਵਾਨਪੁਰੀਆ**

ਜੱਗੂ ਭਗਵਾਨਪੁਰੀਆ ਦਾ ਪਿਛੋਕੜ ਗੁਰਦਾਸਪੁਰ ਦੇ ਭਗਵਾਨਪੁਰ ਪਿੰਡ ਨਾਲ ਹੈ। ਇਹ ਪਿੰਡ ਬਟਾਲਾ-ਡੇਰਾ ਬਾਬਾ ਨਾਨਕ ਸੜਕ ਉੱਤੇ ਪੈਂਦਾ ਹੈ। ਭਗਵਾਨਪੁਰ ਪਿੰਡ ਵਿੱਚ ਕੋਈ ਵੀ ਜਨਤਕ ਤੌਰ ਉੱਤੇ ਜੱਗੂ ਬਾਰੇ ਗੱਲ ਕਰਨ ਲਈ ਤਿਆਰ ਨਹੀਂ ਹੁੰਦਾ। ਉਨ੍ਹਾਂ ਦੀ ਮਾਂ ਇਸੇ ਪਿੰਡ ਵਿੱਚ ਰਹਿੰਦੀ ਸੀ। ਉਸ ਦਾ ਭਰਾ ਮਨੂੰ ਭਗਵਾਨਪੁਰੀਆ ਆਸਟ ?ਰੇਲੀਆ ਵਿੱਚ ਰਹਿੰਦਾ ਹੈ। ਇਸੇ ਸਾਲ ਜੂਨ ਮਹੀਨੇ ਬਟਾਲਾ ਦੇ ਕਾਦੀਆ ਚੁੰਗੀ ’ਤੇ ਹੋਈ ਇੱਕ ਵਾਰਦਾਤ ਵਿੱਚ ਦੋ ਲੋਕਾਂ ਦੀ ਮੌਤ ਹੋ ਗਈ ਹੈ। ਪੁਲਿਸ ਨੇ ਪੁਸ਼ਟੀ ਕੀਤੀ ਸੀ ਕਿ ਮ੍ਰਿਤਕ ਮਹਿਲਾ ਕਈ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਜੱਗੂ ਭਗਵਾਨਪੁਰੀਆ ਦੇ ਮਾਤਾ ਹਰਜੀਤ ਕੌਰ ਦੱਸੇ ਗਏ ਸਨ। ਜੱਗੂ ਭਗਵਾਨਪੁਰੀਆ ਦੀ ਪਤਨੀ ਦੀ ਵੀ ਕੁਝ ਸਾਲ ਪਹਿਲਾਂ ਆਪਣੇ ਘਰ ਵਿੱਚ ਹੀ ਮੌਤ ਹੋ ਗਈ ਸੀ। ਉਦੋਂ ਪਰਿਵਾਰ ਨੇ ਉਸ ਦੀ ਮੌਤ ਦਾ ਕਾਰਨ ਬਰੇਨ ਹੈਮਰੇਜ਼ ਦੱਸਿਆ ਸੀ। ਬੀਬੀਸੀ ਪੰਜਾਬੀ ਨਾਲ ਗੱਲ ਕਰਦਿਆਂ ਭਗਵਾਨਪੁਰ ਦੇ ਇੱਕ ਵਿਅਕਤੀ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉੱਤੇ ਦੱਸਿਆ ਸੀ ਕਿ ਜਗਦੀਪ ਪਿੰਡ ਦੇ ਹੀ ਸਕੂਲ ਵਿੱਚ ਪੜ੍ਹਦਾ ਸੀ। ਉਸ ਤੋਂ ਬਾਅਦ ਉਸ ਨੇ ਬਟਾਲਾ ਦੇ ਗੁਰੂ ਨਾਨਕ ਕਾਲਜ ਵਿੱਚ ਦਾਖਲਾ ਲਿਆ। ਦੱਸਿਆ ਗਿਆ ਕਿ ਉਹ ਕਾਲਜ ਪੜ੍ਹਨ ਸਮੇਂ ਤੱਕ ਕਬੱਡੀ ਦਾ ਚੰਗਾ ਖਿਡਾਰੀ ਬਣ ਗਿਆ ਅਤੇ ਇਸੇ ਦੌਰਾਨ ਉਹ ਕੁਝ ਅਜਿਹੇ ਲੋਕਾਂ ਦੇ ਸੰਪਰਕ ਵਿੱਚ ਆ ਗਿਆ ਜੋ ਕਬੱਡੀ ਦੇ ਖਿਡਾਰੀ ਸਨ, ਪਰ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਸਨ। ਇਸ ਤੋਂ ਬਾਅਦ ਸਥਾਨਕ ਧਿਆਨਪੁਰ ਪਿੰਡ ਵਿੱਚ ਦਿਵਾਲੀ ਦੀ ਰਾਤ ਇੱਕ ਘਟਨਾ ਵਾਪਰਦੀ ਹੈ ਜਿਸ ਦੌਰਾਨ ਜੂਆ ਖੇਡਦੇ ਲੋਕਾਂ ਉੱਤੇ ਹਮਲਾ ਕਰਕੇ ਪੈਸੇ ਲੁੱਟੇ ਜਾਂਦੇ ਹਨ। ਵਾਰਦਾਤ ਦੌਰਾਨ ਹੋਈ ਗੋਲ਼ੀਬਾਰੀ ਦੌਰਾਨ ਇੱਕ ਕਤਲ ਹੋ ਜਾਂਦਾ ਹੈ। ਇਹ ਪਹਿਲਾ ਕੇਸ ਸੀ ਜਿਸ ਵਿੱਚ ਜੱਗੂ ਭਗਵਾਨਪੁਰੀਆ ਦਾ ਨਾਂ ਆਉਂਦਾ ਹੈ। ਇਹ ਪਹਿਲੀ ਘਟਨਾ ਹੈ, ਜਦੋਂ ਜੱਗੂ ਭਗਵਾਨਪੁਰੀਆ ਦਾ ਪੁਲਿਸ ਰਿਪੋਰਟ ਵਿੱਚ ਨਾਮ ਦਰਜ ਹੁੰਦਾ ਹੈ। ਇਸ ਕੇਸ ਵਿੱਚ ਹੋਈ ਗ੍ਰਿਫਤਾਰੀ ਤੋਂ ਬਾਅਦ ਉਹ ਜੇਲ੍ਹ ਜਾਂਦਾ ਹੈ ਜਿੱਥੇ ਉਸਦਾ ਸੰਪਰਕ ਸੁੱਖਾ ਕਾਹਲਵਾ ਅਤੇ ਲਾਰੈਂਸ ਬਿਸ਼ਨੋਈ ਵਰਗੇ ਲੋਕਾਂ ਨਾਲ ਹੋ ਜਾਂਦਾ ਹੈ।



# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 333

Website: www.preetnama.com Email preetnamausa@gmail.com

19 DEC TO 23 DEC, 2025




Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 333
Website: www.preetnama.com Email preetnamausa@gmail.com
19 DEC TO 23 DEC, 2025

# ਬੋਂਡਾਈ ਬੀਚ ਹਮਲਾ: ਭਾਰਤ ਦੇ ਹੈਦਰਾਬਾਦ ਦਾ ਰਹਿਣ ਵਾਲਾ ਸੀ ਹਮਲਾਵਰ, ਤੇਲੰਗਾਨਾ ਪੁਲਿਸ ਨੇ ਹੋਰ ਕੀ ਖੁਲਾਸਾ ਕੀਤਾ ?




ਸਿਡਨੀ ਦੇ ਮਸ਼ਹੂਰ ਬੋਂਡਾਈ ਬੀਚ 'ਤੇ ਆਯੋਜਿਤ ਇੱਕ ਯਹੂਦੀ ਸਮਾਗਮ 'ਤੇ ਹੋਏ ਅੱਤਵਾਦੀ ਹਮਲੇ ਨੂੰ ਤਿੰਨ ਦਿਨ ਬੀਤ ਗਏ ਹਨ, ਪਰ ਇਸ ਨਾਲ ਜੁੜੇ ਬਹੁਤ ਸਾਰੇ ਸਵਾਲਾਂ ਦੇ ਜਵਾਬ ਅਜੇ ਵੀ ਨਹੀਂ ਮਿਲੇ ਹਨ। ਫਿਲੀਪੀਨ ਬਿਊਰੋ ਆਫ਼ ਇਮੀਗ੍ਰੇਸ਼ਨ ਮੁਤਾਬਕ ਦੋਵੇਂ ਸ਼ੱਕੀ ਹਮਲਾਵਰ ਨਵੰਬਰ ਵਿੱਚ ਫਿਲੀਪੀਨਜ਼ ਪਹੁੰਚੇ ਸਨ। ਆਸਟ ?ਰੇਲੀਆਈ ਪੁਲਿਸ ਹੁਣ ਇਸ ਦਾਅਵੇ ਦੀ ਜਾਂਚ ਕਰ ਰਹੀ ਹੈ। ਫਿਲੀਪੀਨ ਦੇ ਅਧਿਕਾਰੀਆਂ ਨੇ ਬੀਬੀਸੀ ਨੂੰ ਦੱਸਿਆ ਕਿ ਹਮਲਾਵਰਾਂ ਵਿੱਚੋਂ ਇੱਕ, ਸਾਜਿਦ ਅਕਰਮ, ਭਾਰਤੀ ਪਾਸਪੋਰਟ 'ਤੇ ਉਨ੍ਹਾਂ ਦੇ ਦੇਸ਼ ਆਇਆ ਸੀ, ਜਦੋਂ ਕਿ ਉਨ੍ਹਾਂ ਦਾ ਪੁੱਤਰ, ਨਵੀਦ, ਆਸਟ ?ਰੇਲੀਆਈ ਪਾਸਪੋਰਟ 'ਤੇ ਫਿਲੀਪੀਨਜ਼ ਆਇਆ ਸੀ। ਫਿਲੀਪੀਨਜ਼ ਦੇ ਇਮੀਗ੍ਰੇਸ਼ਨ ਬਿਊਰੋ ਨੇ ਬੀਬੀਸੀ ਨੂੰ ਦੱਸਿਆ ਕਿ ਆਸਟ ?ਰੇਲੀਆ ਦੇ ਸਿਡਨੀ ਵਿੱਚ ਬੋਂਡਾਈ ਬੀਚ 'ਤੇ ਹਮਲਾ ਕਰਨ ਵਾਲੇ ਦੋ ਕਥਿਤ ਬੰਦੂਕਧਾਰੀ 1 ਨਵੰਬਰ ਨੂੰ ਫਿਲੀਪੀਨਜ਼ ਗਏ ਸਨ ਅਤੇ 28 ਨਵੰਬਰ ਨੂੰ ਵਾਪਸ ਆਏ ਸਨ। ਇਸ ਦੌਰਾਨ, ਤੇਲੰਗਾਨਾ ਪੁਲਿਸ ਨੇ 16 ਦਸੰਬਰ ਨੂੰ ਇੱਕ ਬਿਆਨ ਜਾਰੀ ਕਰਕੇ ਕਿਹਾ ਕਿ ਸਾਜਿਦ ਅਕਰਮ ਹੈਦਰਾਬਾਦ ਦਾ ਰਹਿਣ ਵਾਲਾ ਸੀ। ਇਮੀਗ੍ਰੇਸ਼ਨ ਬਿਊਰੋ ਦੇ ਬੁਲਾਰੇ ਡਾਨਾ ਸੈਂਡੋਵਾਲ ਦੇ ਮੁਤਾਬਕ, 50 ਸਾਲਾ ਸਾਜਿਦ ਅਕਰਮ ਨੇ ਭਾਰਤੀ ਪਾਸਪੋਰਟ 'ਤੇ ਯਾਤਰਾ ਕੀਤੀ, ਜਦੋਂ ਕਿ ਉਨ੍ਹਾਂ ਦਾ 24 ਸਾਲਾ ਪੁੱਤਰ ਨਵੀਦ ਆਸਟ ?ਰੇਲੀਆਈ ਪਾਸਪੋਰਟ ਦੀ ਵਰਤੋਂ ਕਰਦਾ ਸੀ। ਸੈਂਡੋਵਾਲ ਨੇ ਕਿਹਾ ਕਿ ਦੋਵਾਂ (ਸ਼ੱਕੀ ਹਮਲਾਵਰਾਂ) ਨੇ ਉਨ੍ਹਾਂ ਨੂੰ ਦੱਸਿਆ ਸੀ ਕਿ ਫਿਲੀਪੀਨਜ਼ ਦਾ ਦਾਵਾਓ ਉਨ੍ਹਾਂ ਦੀ ਆਖਰੀ ਮੰਜ਼ਿਲ ਹੋਵੇਗੀ ਅਤੇ ਫਿਰ ਉਹ ਆਸਟ ?ਰੇਲੀਆ ਦੇ ਸਿਡਨੀ ਵਾਪਸ ਆ ਜਾਣਗੇ।

**ਇਸਲਾਮਿਕ ਸਟੇਟ ਦੀ ਵਿਚਾਰਧਾਰਾ ਤੋਂ ਪ੍ਰੇਰਿਤ**

ਆਸਟਰੇਲੀਆਈ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਦੇ ਦਫ਼ਤਰ ਨੇ ਅਲਬਾਨੀਜ਼ ਦੁਆਰਾ ਏਬੀਸੀ ਸਿਡਨੀ ਨੂੰ ਦਿੱਤੇ ਗਏ ਇੱਕ ਰੇਡੀਓ ਇੰਟਰਵਿਊ ਦੀਆਂ ਕੁਝ ਲਾਈਨਾਂ ਸਾਂਝੀਆਂ ਕੀਤੀਆਂ ਹਨ। ਐਂਥਨੀ ਅਲਬਾਨੀਜ਼ ਨੇ ਇਸ ਇੰਟਰਵਿਊ ਵਿੱਚ ਕਿਹਾ ÷ਇੰਝ ਲੱਗਦਾ ਹੈ ਕਿ ਇਹ ਹਮਲਾ ਇਸਲਾਮਿਕ ਸਟੇਟ ਦੀ ਵਿਚਾਰਧਾਰਾ ਤੋਂ ਪ੍ਰੇਰਿਤ ਸੀ। ਅਲਬਾਨੀਜ਼ ਨੇ ਅੱਗੇ ਕਿਹਾ ÷ਇਹ ਉਹੀ ਵਿਚਾਰਧਾਰਾ ਹੈ ਜੋ ਕਿ ਕਈ ਸਾਲਾਂ ਤੋਂ ਮੌਜੂਦ ਹੈ। ਨਫ਼ਰਤ ਨੇ ਇਸ ਵਿਚਾਰ ਨੂੰ ਜਨਮ ਦਿੱਤਾ ਹੈ ਅਤੇ, ਇਸ ਮਾਮਲੇ ਵਿੱਚ, ਸਮੂਹਿਕ ਕਤਲੇਆਮ ਦੀ ਸਾਜਿਸ਼ ਨੂੰ। ਉਨ੍ਹਾਂ ਨੇ ਹਮਲੇ ਨੂੰ ÷ਸਟੀਕ, ਯੋਜਨਾਬੱਧ ਅਤੇ ਬੇਰਹਿਮ÷ ਦੱਸਿਆ। ਆਸਟ ?ਰੇਲੀਆ ਨੇ 2014 ਵਿੱਚ ਅਖੌਤੀ ਇਸਲਾਮਿਕ ਸਟੇਟ ਨੂੰ ਇੱਕ ਅੱਤਵਾਦੀ ਸੰਗਠਨ ਵਜੋਂ ਪਛਾਣਿਆ ਸੀ ਅਤੇ ਉਸ 'ਤੇ ਪਾਬੰਦੀ ਲਗਾਈ ਸੀ। ਪੁਲਿਸ ਕਮਿਸ਼ਨਰ ਮੇਲ ਲੈਨਿਯਨ ਨੇ ਕਿਹਾ ਕਿ ਸਾਜ਼ਿਸ਼ਕਰਤਾਵਾਂ ਦੇ ਵਾਹਨ ਤੋਂ ਇੱਕ ਕਥਿਤ ਇਸਲਾਮਿਕ ਸਟੇਟ ਦਾ ਝੰਡਾ ਵੀ ਬਰਾਮਦ ਕੀਤਾ ਗਿਆ ਹੈ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਉਹ ਨਫ਼ਰਤ ਭਰੇ ਭਾਸ਼ਣਾਂ ਨੂੰ ਰੋਕਣ ਲਈ ਕੀ ਕਰ ਰਹੇ ਹਨ, ਤਾਂ ਆਸਟ ?ਰੇਲੀਆਈ ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਪਹਿਲਾਂ ਇਸ ਨੂੰ ਗੈਰ-ਕਾਨੂੰਨੀ ਬਣਾਉਣ ਲਈ ਸੰਸਦ ਵਿੱਚ ਇੱਕ ਬਿੱਲ ਲਿਆਏਗੀ। ਅਲਬਾਨੀਜ਼ ਨੇ ਕਿਹਾ ਕਿ ਜਾਂਚ ਵਿੱਚ ਹੁਣ ਤੱਕ ਇਕੱਠੀ ਕੀਤੀ ਗਈ ਸਾਰੀ ਜਾਣਕਾਰੀ ਦਰਸਾਉਂਦੀ ਹੈ ਕਿ ਦੋਵੇਂ ਬੰਦੂਕਧਾਰੀਆਂ ਨੇ ਇਕੱਲੇ ਹੀ ਇਹ ਕਾਰਵਾਈ ਕੀਤੀ ਸੀ। ਐਤਵਾਰ ਨੂੰ ਸਿਡਨੀ ਦੇ ਬੋਂਡਾਈ ਬੀਚ 'ਤੇ ਯਹੂਦੀ ਭਾਈਚਾਰੇ ਦੇ ਮੈਂਬਰਾਂ 'ਤੇ ਹੋਏ ਹਮਲੇ ਵਿੱਚ ਪੰਦਰਾਂ ਲੋਕਾਂ ਦੀ ਮੌਤ ਹੋ ਗਈ ਹੈ। ਪੁਲਿਸ ਕਮਿਸ਼ਨਰ ਮੇਲ ਲੈਨਿਯਨ ਨੇ ਹੁਣ ਹੋਰ ਵੇਰਵੇ ਦਿੰਦੇ ਹੋਏ ਕਿਹਾ ਕਿ ਦੋਵੇਂ ਹਮਲਾਵਰ ਹਾਲ ਹੀ ਵਿੱਚ ਫਿਲੀਪੀਨਜ਼ ਗਏ ਸਨ। ਉਨ੍ਹਾਂ ਕਿਹਾ, ਉਹ ਉੱਥੇ ਕਿਉਂ ਗਏ, ਉਨ੍ਹਾਂ ਦਾ ਮਕਸਦ ਕੀ ਸੀ ਅਤੇ ਉੱਥੇ ਪਹੁੰਚਣ ਤੋਂ ਬਾਅਦ ਉਹ ਕਿੱਥੇ ਗਏ, ਇਹ ਸਭ ਇਸ ਵੇਲੇ ਜਾਂਚ ਅਧੀਨ ਹੈ।

**'ਹਥਿਆਰ ਲਾਇਸੈਂਸੀ ਸੀ'**

ਆਸਟ ?ਰੇਲੀਆ ਦੇ ਨਿਊ ਸਾਊਥ ਵੇਲਜ਼ ਸੂਬੇ ਦੇ ਪੁਲਿਸ ਕਮਿਸ਼ਨਰ, ਮੇਲ ਲੈਨਨ ਨੇ ਸੋਮਵਾਰ ਨੂੰ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਸਾਜਿਦ ਅਕਰਮ ਕੋਲ ਸ਼ਿਕਾਰ ਕਰਨ ਲਈ ਹਥਿਆਰਾਂ ਦਾ ਲਾਇਸੈਂਸ ਸੀ ਅਤੇ ਉਹ ਇੱਕ ਗੰਨ ਕਲੱਬ ਦਾ ਮੈਂਬਰ ਵੀ ਸੀ। ਇੱਕ ਸੀਨੀਅਰ ਅਧਿਕਾਰੀ ਨੇ ਆਸਟ ?ਰੇਲੀਆਈ ਪ੍ਰਸਾਰਕ ਏਬੀਸੀ ਨਿਊਜ਼ ਨੂੰ ਦੱਸਿਆ ਕਿ ਬੋਂਡਾਈ ਬੀਚ 'ਤੇ ਹਮਲਾ ਕਰਨ ਵਾਲੇ ਹਮਲਾਵਰਾਂ ਦੀ ਕਾਰ ਵਿੱਚੋਂ ਇਸਲਾਮਿਕ ਸਟੇਟ (ਆਈਐਸ) ਦੇ ਦੋ ਝੰਡੇ ਮਿਲੇ ਹਨ। ਆਸਟ ?ਰੇਲੀਆ ਦੇ ਗ੍ਰਹਿ ਮੰਤਰੀ ਟੋਨੀ ਬਰਕ ਦੇ ਅਨੁਸਾਰ, ਸਾਜਿਦ ਅਕਰਮ 1998 ਵਿੱਚ ਵਿਦਿਆਰਥੀ ਵੀਜ਼ੇ 'ਤੇ ਆਸਟ ?ਰੇਲੀਆ ਆਇਆ ਸੀ। 2001 ਵਿੱਚ, ਉਨ੍ਹਾਂ ਦੇ ਵੀਜ਼ੇ ਨੂੰ ਪਾਰਟਨਰ ਵੀਜ਼ੇ ਵਿੱਚ ਬਦਲ ਦਿੱਤਾ ਗਿਆ ਸੀ, ਅਤੇ ਬਾਅਦ ਵਿੱਚ ਉਨ੍ਹਾਂ ਨੂੰ ਰੈਜ਼ੀਡੈਂਟ ਰਿਟਰਨ ਵੀਜ਼ਾ ਦਿੱਤਾ ਗਿਆ ਸੀ।



## ਤੇਲੰਗਾਨਾ ਪੁਲਿਸ ਨੇ ਕੀ ਕਿਹਾ ?

ਇਸ ਦੌਰਾਨ, ਤੇਲੰਗਾਨਾ ਦੇ ਡੀਜੀਪੀ ਦਫ਼ਤਰ ਨੇ ਆਸਟ ?ਰੇਲੀਆ ਦੇ ਬੋਂਡਾਈ ਬੀਚ 'ਤੇ ਹੋਈ ਗੋਲੀਬਾਰੀ ਦੀ ਘਟਨਾ ਸਬੰਧੀ ਇੱਕ ਪ੍ਰੈਸ ਰਿਲੀਜ਼ ਜਾਰੀ ਕੀਤੀ ਹੈ। ਤੇਲੰਗਾਨਾ ਪੁਲਿਸ ਦਾ ਕਹਿਣਾ ਹੈ ਕਿ ਅਕਰਮ ਮੂਲ ਰੂਪ ਵਿੱਚ ਦੱਖਣੀ ਭਾਰਤੀ ਸੂਬਾ ਤੇਲੰਗਾਨਾ ਦੀ ਰਾਜਧਾਨੀ ਹੈਦਰਾਬਾਦ ਦਾ ਰਹਿਣ ਵਾਲਾ ਸੀ।ਤੇਲੰਗਾਨਾ ਪੁਲਿਸ ਨੇ ਇੱਕ ਬਿਆਨ ਵਿੱਚ ਕਿਹਾ, ÷ਭਾਰਤ ਵਿੱਚ ਉਨ੍ਹਾਂ ਦੇ ਰਿਸ਼ਤੇਦਾਰਾਂ ਤੋਂ ਮਿਲੀ ਜਾਣਕਾਰੀ ਦੇ ਅਨੁਸਾਰ, ਸਾਜਿਦ ਅਕਰਮ ਦਾ ਪਿਛਲੇ 27 ਸਾਲਾਂ ਤੋਂ ਹੈਦਰਾਬਾਦ ਵਿੱਚ ਆਪਣੇ ਪਰਿਵਾਰ ਨਾਲ ਸੀਮਤ ਸੰਪਰਕ ਸੀ। ਆਸਟ ?ਰੇਲੀਆ ਜਾਣ ਤੋਂ ਬਾਅਦ, ਉਹ ਜਾਇਦਾਦ ਨਾਲ ਸਬੰਧਤ ਮਾਮਲਿਆਂ ਅਤੇ ਆਪਣੇ ਬਜ਼ੁਰਗ ਮਾਪਿਆਂ ਨੂੰ ਮਿਲਣ ਲਈ ਛੇ ਵਾਰ ਭਾਰਤ ਆਇਆ। ਇਹ ਕਿਹਾ ਜਾ ਰਿਹਾ ਹੈ ਕਿ ਉਹ ਆਪਣੇ ਪਿਤਾ ਦੀ ਮੌਤ ਦੇ ਸਮੇਂ ਵੀ ਭਾਰਤ ਨਹੀਂ ਆਇਆ ਸੀ। ਪੁਲਿਸ ਅਨੁਸਾਰ, ਅਕਰਮ 1998 ਵਿੱਚ ਰੁਜ਼ਗਾਰ ਦੀ ਭਾਲ ਵਿੱਚ ਆਸਟ ?ਰੇਲੀਆ ਗਿਆ ਸੀ, ਬਾਅਦ ਵਿੱਚ ਉਨ੍ਹਾਂ ਦਾ ਵਿਆਹ ਹੋ ਗਿਆ ਅਤੇ ਉੱਥੇ ਹੀ ਪੱਕੇ ਤੌਰ 'ਤੇ ਵਸ ਗਏ। ਪੁਲਿਸ ਨੇ ਕਿਹਾ, ÷ਪਰਿਵਾਰ ਦੇ ਮੈਂਬਰਾਂ ਨੇ ਉਨ੍ਹਾਂ ਦੀ ਕੱਟੜਪੰਥੀ ਸੋਚ ਜਾਂ ਗਤੀਵਿਧੀਆਂ, ਜਾਂ ਉਨ੍ਹਾਂ ਦੇ ਕੱਟੜਪੰਥੀ ਬਣਨ ਦੇ ਕਾਰਨਾਂ ਬਾਰੇ ਕੋਈ ਜਾਣਕਾਰੀ ਹੋਣ ਤੋਂ ਇਨਕਾਰ ਕੀਤਾ ਹੈ। ਤੇਲੰਗਾਨਾ ਪੁਲਿਸ ਕੋਲ ਸਾਜਿਦ ਅਕਰਮ ਦੇ 1998 ਵਿੱਚ ਆਸਟ ?ਰੇਲੀਆ ਜਾਣ ਤੋਂ ਪਹਿਲਾਂ ਦਾ ਕੋਈ ਵੀ ਮਾੜਾ ਰਿਕਾਰਡ ਨਹੀਂ ਹੈ। ਆਸਟਰੇਲੀਆਈ ਪੁਲਿਸ ਨੇ ਪੁਸ਼ਟੀ ਕੀਤੀ ਹੈ ਕਿ ਅਕਰਮ ਐਤਵਾਰ ਨੂੰ ਹੋਏ ਹਮਲੇ ਵਾਲੀ ਥਾਂ 'ਤੇ ਮ੍ਰਿਤਕ ਪਾਇਆ ਗਿਆ ਸੀ। ਦੂਜੇ ਹਮਲਾਵਰ (ਉਨ੍ਹਾਂ ਦਾ 24 ਸਾਲਾ ਪੁੱਤਰ ਨਵੀਦ ਅਕਰਮ) ਦੇ ਹਸਪਤਾਲ ਵਿੱਚ ਹੈ। ਉਨ੍ਹਾਂ ਦੇ ਕੋਮਾ ਤੋਂ ਬਾਹਰ ਆਉਣ ਤੋਂ ਬਾਅਦ ਹੋਸ਼ ਵਿੱਚ ਆਉਣ ਦੀ ਖ਼ਬਰ ਹੈ।

## ਬੋਂਡਾਈ ਬੀਚ ਹਮਲੇ ਬਾਰੇ ਹੁਣ ਤੱਕ ਕੀ-ਕੀ ਪਤਾ ਹੈ ?

- ☛ ਨਿਊ ਸਾਊਥ ਵੇਲਜ਼ ਦੇ ਪ੍ਰੀਮੀਅਰ ਕ੍ਰਿਸ ਮਿੰਸ ਨੇ ਪੁਸ਼ਟੀ ਕੀਤੀ ਹੈ ਕਿ 10 ਸਾਲ ਦੀ ਇੱਕ ਬੱਚੀ ਸਮੇਤ 15 ਲੋਕਾਂ ਦੀ ਮੌਤ ਹੋ ਗਈ ਹੈ ਅਤੇ ਹਮਲਾਵਰਾਂ ਵਿੱਚੋਂ ਵੀ ਇੱਕ ਦੀ ਮੌਤ ਹੋਈ ਹੈ।
- ☛ ਪੁਲਿਸ ਕਮਿਸ਼ਨਰ ਮੇਲ ਲੈਨਿਯਨ ਨੇ ਕਿਹਾ ਕਿ ਦੋਵੇਂ ਬੰਦੂਕਧਾਰੀ ਇੱਕ 50 ਸਾਲਾ ਪਿਤਾ ਅਤੇ ਉਨ੍ਹਾਂ ਦਾ 24 ਸਾਲਾ ਪੁੱਤਰ ਸਨ।
- ☛ ਪੁਲਿਸ ਵੱਲੋਂ ਗੋਲੀ ਮਾਰਨ ਤੋਂ ਬਾਅਦ 50 ਸਾਲਾ ਹਮਲਾਵਰ ਦੀ ਮੌਤ ਹੋ ਗਈ, ਜਦੋਂ ਕਿ 24 ਸਾਲਾ ਹਮਲਾਵਰ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ।
- ☛ ਕੁੱਲ 42 ਲੋਕਾਂ ਨੂੰ ਹਸਪਤਾਲ ਲਿਜਾਇਆ ਗਿਆ, ਜਿਨ੍ਹਾਂ ਵਿੱਚ ਮੌਕੇ 'ਤੇ ਤਾਇਨਾਤ ਪੁਲਿਸ ਅਧਿਕਾਰੀ ਵੀ ਸ਼ਾਮਲ ਸਨ।
- ☛ ਪੁਲਿਸ ਦਾ ਕਹਿਣਾ ਹੈ ਕਿ 50 ਸਾਲਾ ਹਮਲਾਵਰ ਕੋਲ ਹਥਿਆਰਾਂ ਦਾ ਜਾਇਜ਼ ਲਾਇਸੈਂਸ ਸੀ। ਉਨ੍ਹਾਂ ਦੇ ਨਾਮ 'ਤੇ ਛੇ ਹਥਿਆਰ ਰਜਿਸਟਰਡ ਸਨ, ਅਤੇ ਬੋਂਡਾਈ ਬੀਚ ਤੋਂ ਛੇ ਹਥਿਆਰ ਬਰਾਮਦ ਕੀਤੇ ਗਏ ਸਨ।
- ☛ ਮੌਕੇ 'ਤੇ 'ਦੋ ਸਰਗਰਮ ਵਿਸਫੋਟਕ' ਮਿਲੇ ਸਨ, ਜਿਨ੍ਹਾਂ ਨੂੰ ਬਾਅਦ ਵਿੱਚ ਪੁਲਿਸ ਨੇ ਬਰਾਮਦ ਕਰ ਲਿਆ।
- ☛ ਅਧਿਕਾਰੀਆਂ ਨੇ ਰਾਤ ਭਰ ਪੱਛਮੀ ਸਿਡਨੀ ਦੇ ਕੈਂਪਸੀ ਅਤੇ ਬੋਨੀਰਿਗ ਖੇਤਰਾਂ ਵਿੱਚ ਦੋ ਜਾਇਦਾਦਾਂ ਦੀ ਤਲਾਸ਼ੀ ਲਈ।
- ☛ ਪੁਲਿਸ ਨੇ ਇਹ ਵੀ ਕਿਹਾ ਕਿ ਸਿਡਨੀ ਵਿੱਚ ਯਹੂਦੀ ਭਾਈਚਾਰੇ ਨੂੰ ਵਾਧੂ ਸੁਰੱਖਿਆ ਅਤੇ ਸਹਾਇਤਾ ਪ੍ਰਦਾਨ ਕਰਨ ਲਈ 328 ਪੁਲਿਸ ਅਧਿਕਾਰੀ ਤਾਇਨਾਤ ਕੀਤੇ ਗਏ ਹਨ।
- ☛ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨੇ ਕਿਹਾ ਹੈ ਕਿ ਹਮਲੇ ਦਾ ਜਵਾਬ ਦੇਣ ਲਈ ਸਾਰੇ ਜ਼ਰੂਰੀ ਸਰੋਤਾਂ ਦੀ ਵਰਤੋਂ ਕੀਤੀ ਜਾਵੇਗੀ। ਉਨ੍ਹਾਂ ਨੇ ਆਸਟ ?ਰੇਲੀਆਈ ਸਮਾਜ ਵਿੱਚੋਂ ਯਹੂਦੀ ਵਿਰੋਧੀ ਭਾਵਨਾ ਨੂੰ ÷ਜੜ੍ਹੋਂ ਪੁੱਟਣ÷ ਦਾ ਵੀ ਵਾਅਦਾ ਕੀਤਾ ਹੈ।

# Preetnama

ਪ੍ਰੀਤਨਾਮਾ ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 333 | Website: www.preetnama.com Email preetnamausa@gmail.com | 19 DEC TO 23 DEC, 2025




# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 333

Website: www.preetnama.com Email preetnamausa@gmail.com

19 DEC TO 23 DEC, 2025



## LOWER YOUR PROPERTY TAXES

**Our fee 35% others charge 50%**

NO REDUCTION → NO FEE

CALL 516-680-8037



## HUGE TAX SAVINGS FOR OUR HOMEOWNERS

| | |
|---|---|
| Muttontown $13,435 | Woodbury - $4,836 |
| Jericho - $9,458 | Bayville - $5,797 |
| Levittown - $3,788 | Westbury - $3,609 |
| Roslyn - $3,435 | Bellmore - $3,731 |
| Wantagh - $3,208 | Bethpage - $3,066 |
| East Hills $7,925 | Manhasset $5,840 |



**Varinder K Bhalla**

Former Commissioner
Nassau County ARC

PropertyTax ReductionGuru

★★★★★ Five Star Rating by Our Clients

WWW.PropertyTaxReductionGuru.com

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 333

Website: www.preetnama.com Email preetnamausa@gmail.com

19 DEC TO 23 DEC, 2025




# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 333

Website: www.preetnama.com Email preetnamausa@gmail.com

19 DEC TO 23 DEC, 2025


# ਸਾਈਕਲ 'ਤੇ ਦੁਨੀਆਂ ਦਾ ਚੱਕਰ ਲਗਾਉਣ ਵਾਲੇ ਪਹਿਲੇ ਵਿਅਕਤੀ ਕੌਣ ਸਨ ਤੇ ਉਨ੍ਹਾਂ ਨੂੰ ਭਾਰਤ 'ਚ ਕੀ-ਕੀ ਪਸੰਦ ਆਇਆ ਸੀ

ਜੂਲਸ ਵਰਨ ਦੇ ਮਸ਼ਹੂਰ ਨਾਵਲ 'ਅਰਾਊਂਡ 'ਦ ਵਰਲਡ ਇਨ 80 ਡੇਜ਼' ਦੇ ਪ੍ਰਕਾਸ਼ਿਤ ਹੋਣ ਤੋਂ ਇੱਕ ਦਹਾਕੇ ਬਾਅਦ, ਇੱਕ ਅੰਗਰੇਜ਼ ਯਾਤਰੀ ਦੁਨੀਆਂ ਭਰ ਦੀ ਯਾਤਰਾ ਕਰਨ ਦੇ ਟੀਚੇ ਨਾਲ ਰਵਾਨਾ ਹੋਇਆ। ਹਾਲਾਂਕਿ ਵਰਨ ਦੀ ਕਿਤਾਬ ਦੇ ਪਾਤਰ, ਜਿਸ ਨੇ ਆਪਣੀ ਯਾਤਰਾ ਰੇਲਗੱਡੀ ਅਤੇ ਜਹਾਜ਼ ਰਾਹੀਂ ਕੀਤੀ ਸੀ ਉਸ ਦੇ ਉਲਟ ਥਾਮਸ ਸਟੀਵਨਜ਼ ਨੇ ਸਾਈਕਲ ਦੀ ਵਰਤੋਂ ਕਰਨ ਦਾ ਫੈਸਲਾ ਕੀਤਾ। ਉਨ੍ਹਾਂ ਦੀ ਯਾਤਰਾ 1884 ਵਿੱਚ ਸ਼ੁਰੂ ਹੋਈ ਅਤੇ ਦੋ ਸਾਲਾਂ ਤੋਂ ਵੱਧ ਸਮੇਂ ਤੱਕ ਚੱਲੀ। ਘਰ ਵਾਪਸ ਆਉਣ ਤੋਂ ਬਾਅਦ ਉਨ੍ਹਾਂ ਨੇ 'ਅਰਾਊਂਡ ਦ ਵਰਲਡ ਆਨ ਅ ਬਾਈਸਾਈਕਲ' ਨਾਮ ਦੀ ਇੱਕ ਕਿਤਾਬ ਲਿਖੀ। ਇਸ ਕਿਤਾਬ ਨੇ ਵਿਸ਼ਵ ਪੱਧਰ 'ਤੇ ਬਹੁਤ ਧਿਆਨ ਖਿੱਚਿਆ, ਕਿਤਾਬ ਵਿੱਚ ਉਨ੍ਹਾਂ ਨੇ ਉੱਤਰੀ ਅਮਰੀਕੀ ਮਹਾਂਦੀਪ, ਯੂਰਪ ਅਤੇ ਏਸ਼ੀਆ ਦੇ ਰਸਤੇ ਵਿੱਚ ਜੋ ਕੁਝ ਦੇਖਿਆ ਉਸ ਦਾ ਵਿਸਥਾਰ ਨਾਲ ਵਰਣਨ ਕੀਤਾ।



**ਪਹਿਲਾ ਪੜਾਅ ਉੱਤਰੀ ਅਮਰੀਕਾ**

ਇੰਗਲੈਂਡ ਵਿੱਚ ਪੈਦਾ ਹੋਏ ਸਟੀਵਨਜ਼ 1871 ਵਿੱਚ 17 ਸਾਲ ਦੀ ਉਮਰ ਵਿੱਚ ਸੰਯੁਕਤ ਰਾਜ ਵਿੱਚ ਵੱਸ ਗਏ ਸਨ। ਉਹ ਕੋਈ ਅਥਲੀਟ ਨਹੀਂ ਸਨ, ਪਰ ਉਨ੍ਹਾਂ ਦੀ ਸਾਈਕਲ ਚਲਾਉਣ ਵਿੱਚ ਡੂੰਘੀ ਦਿਲਚਸਪੀ ਸੀ, ਜਿਸ ਨੂੰ ਉਸ ਸਮੇਂ ਜ਼ਿਆਦਾਤਰ ਅਮੀਰ ਲੋਕਾਂ ਦਾ ਸ਼ੌਕ ਮੰਨਿਆ ਜਾਂਦਾ ਸੀ। ਅਮਰੀਕੀ ਲੇਖਕ ਅਤੇ ਫਿਲਮ ਨਿਰਮਾਤਾ ਰੌਬਰਟ ਆਈਜ਼ਨਬਰਗ ਦੇ ਅਨੁਸਾਰ, "ਸਟੀਵਨਜ਼ ਦੇ ਇੰਨੇ ਮਸ਼ਹੂਰ ਹੋਣ ਦਾ ਕਾਰਨ ਇਹ ਸੀ ਕਿ ਉਹ ਇੱਕ ਆਮ ਇਨਸਾਨ ਸਨ ਜੋ ਬੱਸ ਲਗਾਤਾਰ ਚਲਦੇ ਰਹੇ ਅਤੇ ਇਸ ਕੰਮ ਨੂੰ ਪੂਰਾ ਕਰਨ ਲਈ ਕਾਫ਼ੀ ਪ੍ਰੇਰਿਤ ਸਨ। ਸ਼ੁਰੂ ਵਿੱਚ ਸਟੀਵਨਜ਼ ਦਾ ਟੀਚਾ ਉੱਤਰੀ ਅਮਰੀਕੀ ਮਹਾਂਦੀਪ ਨੂੰ ਪਾਰ ਕਰਨਾ ਸੀ ਅਤੇ ਉਨ੍ਹਾਂ ਨੇ ਪੰਜ ਮਹੀਨਿਆਂ ਵਿੱਚ ਸੈਨ ਫਰਾਂਸਿਸਕੋ ਤੋਂ ਬੋਸਟਨ ਤੱਕ ਸਾਈਕਲ ਚਲਾ ਕੇ ਅਜਿਹਾ ਕਰ ਦਿਖਾਇਆ। ਇਸ ਯਾਤਰਾ ਤੋਂ ਬਾਅਦ ਇੱਕ ਮਸ਼ਹੂਰ ਸਾਈਕਲਿੰਗ ਮੈਗਜ਼ੀਨ ਨੇ ਸਟੀਵਨਜ਼ ਨੂੰ ਸਪਾਂਸਰਸ਼ਿਪ ਦੀ ਪੇਸ਼ਕਸ਼ ਕੀਤੀ ਅਤੇ ਉਨ੍ਹਾਂ ਨੇ ਆਪਣੀ ਯਾਤਰਾ ਨੂੰ ਪੂਰੀ ਦੁਨੀਆਂ ਤੱਕ ਵਧਾਉਣ ਦਾ ਫੈਸਲਾ ਕੀਤਾ। ਉਹ ਅਪ੍ਰੈਲ 1884 ਵਿੱਚ ਸ਼ਿਕਾਗੋ ਤੋਂ ਇੰਗਲੈਂਡ ਲਈ ਸਮੁੰਦਰੀ ਜਹਾਜ਼ ਰਾਹੀਂ ਰਵਾਨਾ ਹੋਏ। ਯੂਰਪੀ ਮਹਾਂਦੀਪ ਨੂੰ ਪਾਰ ਕਰਨ ਤੋਂ ਬਾਅਦ ਉਨ੍ਹਾਂ ਨੇ ਤੁਰਕੀ, ਇਰਾਨ, ਭਾਰਤ, ਚੀਨ ਅਤੇ ਜਾਪਾਨ ਦਾ ਸਫ਼ਰ ਸਾਈਕਲ ਰਾਹੀਂ ਕੀਤਾ।

ਸਟੀਵਨਜ਼ ਦਾ ਸਾਈਕਲ ਅੱਜ ਦੇ ਸਾਈਕਲ ਨਾਲੋਂ ਬਹੁਤ ਵੱਖਰਾ ਸੀ। ਇਹ ਇੱਕ ਭਾਰੀ ਮਾਡਲ ਸੀ ਜਿਸ ਨੂੰ 'ਪੈਨੀ ਫਾਰਥਿੰਗ' ਕਿਹਾ ਜਾਂਦਾ ਸੀ, ਜਿਸ ਦਾ ਅਗਲਾ ਪਹੀਆ ਬਹੁਤ ਵੱਡਾ ਅਤੇ ਪਿਛਲਾ ਪਹੀਆ ਕਾਫੀ ਛੋਟਾ ਹੁੰਦਾ ਸੀ। ਦੱਸਿਆ ਜਾਂਦਾ ਹੈ ਕਿ ਉਹ ਆਪਣੇ ਨਾਲ ਸਿਰਫ਼ ਕੁਝ ਹੀ ਜ਼ਰੂਰੀ ਚੀਜ਼ਾਂ ਲੈ ਕੇ ਗਏ ਸਨ, ਜਿਵੇਂ ਕਿ ਕੱਪੜੇ, ਇੱਕ ਬੰਦੂਕ, ਇੱਕ ਪੋਂਚੋ ਜੋ ਟੈਂਟ ਦਾ ਕੰਮ ਵੀ ਕਰਦਾ ਸੀ ਅਤੇ ਇੱਕ ਵਾਧੂ ਟਾਇਰ।

**ਇਸਤਾਂਬੁਲ ਵਿੱਚ ਮੁਲਾਕਾਤਾਂ**

ਸਟੀਵਨਜ਼ 1885 ਦੀਆਂ ਗਰਮੀਆਂ ਵਿੱਚ ਇਸਤਾਂਬੁਲ ਪਹੁੰਚੇ, ਜਿੱਥੇ ਉਹ ਰਮਜ਼ਾਨ ਦੇ ਮਹੀਨੇ ਦੌਰਾਨ ਸ਼ਹਿਰ ਦੇ ਇੱਕ ਇਤਿਹਾਸਕ ਹਿੱਸੇ ਗਲਾਟਾ ਦੇ ਇੱਕ ਹੋਟਲ ਵਿੱਚ ਰੁਕੇ ਸਨ। ਉਨ੍ਹਾਂ ਨੇ ਇਸਤਾਂਬੁਲ ਨੂੰ ਦੁਨੀਆਂ ਦੇ ÷ਸਭ ਤੋਂ ਵੱਧ ਬਹੁ-ਸੱਭਿਆਚਾਰਕ ਸ਼ਹਿਰਾਂ ਵਿੱਚੋਂ ਇੱਕ÷ ਵਜੋਂ ਦਰਸਾਇਆ ਅਤੇ ਉੱਥੋਂ ਦੇ ਲੋਕਾਂ, ਗਲੀਆਂ ਅਤੇ ਪਹਿਰਾਵੇ ਦੀ ਵਿਭਿੰਨਤਾ ਦਾ ਜ਼ਿਕਰ ਕੀਤਾ। ਉਨ੍ਹਾਂ ਨੇ ਸ਼ਹਿਰ ਦੇ ਰਾਤ ਦੇ ਸਾਫ਼ ਸੁਥਰੇ ਨਜ਼ਾਰਿਆਂ ਬਾਰੇ ਦੱਸਿਆ, ਜਿੱਥੇ ਇੱਕ ਪਾਸੇ ਦੀਆਂ ਗਲੀਆਂ ਸਿਰਫ਼ ਕੌਫੀ ਹਾਊਸਿਜ਼ ਦੀ ਰੌਸ਼ਨੀ ਨਾਲ ਚਮਕਦੀਆਂ ਸਨ ਅਤੇ ਲੋਕ ਹੱਥਾਂ ਵਿੱਚ ਲੈਂਪ ਲੈ ਕੇ ਚਲਦੇ ਸਨ। ਉਨ੍ਹਾਂ ਨੇ ਟਰਾਮਾਂ ਅਤੇ ਫੈਰੀਆਂ ਦੇ ਖ਼ਾਸ ਡੱਬਿਆਂ ਵਿੱਚ ਔਰਤਾਂ ਦੁਆਰਾ ਆਪਣੇ ਨਕਾਬ ਉਤਾਰਨ ਅਤੇ ਸਿਗਰਟ ਪੀਣ ਬਾਰੇ ਵੀ ਲਿਖਿਆ। ਸਟੀਵਨਜ਼ ਨੇ ਸ਼ਹਿਰ ਦੀ ਸੈਰ ਕਰਨ ਲਈ ਇੱਕ ਗਾਈਡ ਵੀ ਤਿਆਰ ਕੀਤੀ, ਜੋ ਉਨ੍ਹਾਂ ਦੇ ਆਪਣੇ ਯਾਤਰਾ ਮਾਰਗ 'ਤੇ ਅਧਾਰਤ ਸੀ। ਗਾਈਡ ਦੇ ਨਾਲ ਇਸਤਾਂਬੁਲ ਦੀ ਦੁਪਹਿਰ ਦੀ ਸੈਰ ਵਿੱਚ ਪੁਰਾਤੱਤਵ ਅਜਾਇਬ ਘਰ, ਹਾਗੀਆ ਸੋਫੀਆ ਮਸਜਿਦ, ਕੋਸਟਿਊਮ ਮਿਊਜ਼ੀਅਮ, 1001 ਕਾਲਮ, ਸੁਲਤਾਨ ਮਹਿਮੂਤ ਦਾ ਮਕਬਰਾ, ਵਿਸ਼ਵ ਪ੍ਰਸਿੱਧ ਗ੍ਰੈਂਡ ਬਾਜ਼ਾਰ, ਕਬੂਤਰਾਂ ਵਾਲੀ ਮਸਜਿਦ, ਟਾਵਰ ਆਫ਼ ਗਲਾਟਾ ਅਤੇ ਸੁਲਤਾਨ ਸੁਲੇਮਾਨ ਪਹਿਲੇ ਦਾ ਮਕਬਰਾ ਸ਼ਾਮਲ ਹੈ। ਉਨ੍ਹਾਂ ਦੀਆਂ ਲਿਖਤਾਂ ਵਿੱਚ ਸੂਫ਼ੀ ਦਰਵੇਸ਼ਾਂ ਦੇ ਨਾਚ ਦੀਆਂ ਰਸਮਾਂ ਅਤੇ ਸ਼ਹਿਰ ਦੇ ਅਮੀਰ ਪਰਿਵਾਰਾਂ ਦੇ ਘਰਾਂ ਬਾਰੇ ਵੀ ਦੱਸਿਆ ਗਿਆ ਸੀ। ਉਨ੍ਹਾਂ ਦੀ ਰਮਜ਼ਾਨ ਦੀ ਯਾਤਰਾ ਨੇ ਓਟੋਮੈਨ (ਤੁਰਕੀ) ਸਾਮਰਾਜ ਦੀ ਵਾਸਤੂਕਲਾ ਅਤੇ ਮਸਜਿਦਾਂ ਦੇ ਮੀਨਾਰਾਂ ਵਿਚਕਾਰ ਲਟਕਦੀਆਂ ਤਿਉਹਾਰੀ ਲਾਈਟਾਂ ਲਈ ਉਨ੍ਹਾਂ ਦੀ ਪ੍ਰਸ਼ੰਸਾ ਨੂੰ ਬੜੇ ਸੁੰਦਰ ਢੰਗ ਨਾਲ ਪੇਸ਼ ਕੀਤਾ।ਯਾਤਰਾ ਦੇ ਦੌਰਾਨ ਸਟੀਵਨਜ਼ ਦਾ ਟਾਕਰਾ ਉਸ ਸਮੇਂ ਦੇ ਸੁਲਤਾਨ ਅਬਦੁਲ ਹਾਮਿਦ - ਦੂਜਾ ਦੀ ਫੌਜੀ ਟੁਕੜੀ ਨਾਲ ਵੀ ਹੋਇਆ। ਜਿਨ੍ਹਾਂ ਨੂੰ ਅੱਜ ਤੁਰਕੀ ਦੇ ਇਤਿਹਾਸ ਵਿੱਚ ਸਭ ਤੋਂ ਵੱਧ ਵਿਵਾਦਪੂਰਨ ਸ਼ਖਸੀਅਤਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਸਟੀਵਨਜ਼ ਨੇ ਲਿਖਿਆ, ÷ਸੁਲਤਾਨ ਦਾ ਚਿਹਰਾ ਦੇਖਣ ਦਾ ਮੇਰਾ ਮਕਸਦ ਪੂਰਾ ਹੋ ਗਿਆ ਪਰ ਇਹ ਸਿਰਫ ਇੱਕ ਪਲ ਭਰ ਦੀ ਝਲਕ ਸੀ।÷



ਤੁਰਕੀ ਦੇ ਪ੍ਰਮੁੱਖ ਉਦਯੋਗਿਕ ਖੇਤਰਾਂ ਵਿੱਚੋਂ ਇੱਕ ਇਜ਼ਮਿਤ ਦੀ ਖਾੜੀ ਬਾਰੇ ਉਨ੍ਹਾਂ ਨੇ ਲਿਖਿਆ ਕਿ ÷ਸ਼ਾਮ ਦੇ ਸਮੇਂ ਸਫ਼ੈਦ ਰੰਗ 'ਚ ਰੰਗੇ ਪਿੰਡ ਬਹੁਤ ਹੀ ਪਿਆਰੇ ਲੱਗਦੇ ਹਨ। ਕੇਂਦਰੀ ਐਨਾਟੋਲੀਆ ਖੇਤਰ ਦੇ ਰਸਤਿਆਂ 'ਤੇ ਉਨ੍ਹਾਂ ਦਾ ਸਾਹਮਣਾ ਕੁਰਦ ਖਾਨਾਬਦੋਸ਼ਾਂ ਦੇ ਇੱਕ ਡੇਰੇ ਨਾਲ ਹੋਇਆ। ਉੱਥੋਂ ਦੇ ਭਾਈਚਾਰੇ ਨੇ ਆਪਣੀ ਉਦਾਰਤਾ ਨਾਲ ਉਨ੍ਹਾਂ ਨੂੰ ਬਹੁਤ ਪ੍ਰਭਾਵਿਤ ਕੀਤਾ। ਉਨ੍ਹਾਂ ਨੇ ਕੁਰਦ ਭਾਈਚਾਰੇ ਦੇ ਮੁਖੀ ਜਿਸ ਨੇ ਉਨ੍ਹਾਂ ਦਾ ਸਵਾਗਤ ਕੀਤਾ ਸੀ, ਉਸ ਦਾ ਵਰਣਨ ÷ਇੱਕ ਪ੍ਰਭਾਵਸ਼ਾਲੀ ਸ਼ੇਖ ਵਜੋਂ ਕੀਤਾ ਜੋ ਹੁੱਕਾ ਪੀਂਦਾ ਹੈ।÷ ਉਨ੍ਹਾਂ ਨੇ ਦਿੱਤੇ ਗਏ ਭੋਜਨ ਅਤੇ ਉਨ੍ਹਾਂ ਦੇ ਕਹੇ ਬਿਨਾਂ ਹੀ ਤਿਆਰ ਕੀਤੇ ਗਏ ਬਿਸਤਰੇ ਬਾਰੇ ਵੀ ਲਿਖਿਆ ਤੁਰਕੀ ਦੀ ਵਿਭਿੰਨਤਾ ਬਾਰੇ ਸਟੀਵਨਜ਼ ਦੇ ਵਿਚਾਰਾਂ ਦੀ ਪੁਸ਼ਟੀ ਉਨ੍ਹਾਂ ਦੀ ਇਸ ਗੱਲ ਤੋਂ ਵੀ ਹੁੰਦੀ ਹੈ ਕਿ ਉਨ੍ਹਾਂ ਨੂੰ ਇੱਕ ਅਰਮੀਨੀ ਪਾਦਰੀ ਵੱਲੋਂ ਉਨ੍ਹਾਂ ਦੀ ਯਾਤਰਾ ਲਈ ਬਾਈਬਲ ਤੋਹਫ਼ੇ ਵਜੋਂ ਦਿੱਤੀ ਗਈ।

**'ਓਰੀਐਂਟਲਿਜ਼ਮ ਪ੍ਰਭਾਵ' ਅਤੇ ਆਲੋਚਨਾ**

ਹਾਲਾਂਕਿ ਸਟੀਵਨਜ਼ ਨੇ ਕਈ ਭਾਈਚਾਰਿਆਂ ਦਾ ਵਰਣਨ ਪ੍ਰਸ਼ੰਸਾ ਦੇ ਰੂਪ ਵਿੱਚ ਕੀਤਾ, ਪਰ ਉਨ੍ਹਾਂ ਨੇ ਉਸ ਦੌਰ ਦੇ ਕਈ ਰੂੜ੍ਹੀਵਾਦੀ ਸ਼ਬਦਾਂ ਦੀ ਵਰਤੋਂ ਵੀ ਕੀਤੀ। ਉਹ ਅਕਸਰ ਆਪਣੇ ਸਾਹਮਣੇ ਆਉਣ ਵਾਲੇ ਲੋਕਾਂ ਨੂੰ ਅੱਧ-ਸਭਿਅਕ,ਗੰਦੇ ਅਤੇ ਅਣਪੜ੍ਹ/ਅਗਿਆਨੀ÷ ਦੱਸਦੇ ਸਨ। ਦਰਅਸਲ, ਜਦੋਂ ਉਹ ਤੁਰਕੀ ਦੇ ਸਿਵਾਸ ਸ਼ਹਿਰ ਦੀ ਯਾਤਰਾ ਕਰ ਰਹੇ ਸਨ ਤਾਂ ਉਨ੍ਹਾਂ ਨੇ ਲਿਖਿਆ, ਇੱਕ ਆਮ ਅਰਮੀਨੀਆਈ ਪਿੰਡ ਵਾਸੀ ਦੀ ਮਨੋਸਥਿਤੀ ਦੀ ਵਿਸ਼ੇਸ਼ਤਾ ਹੈ ਡੂੰਘੀ ਅਗਿਆਨਤਾ ਅਤੇ ਨੈਤਿਕ ਅੰਧਕਾਰ। ਤੁਰਕੀ ਦੇ ਲੇਖਕ ਆਇਦਨ ਸੇਲਿਕ ਜੋ ਸਟੀਵਨਜ਼ ਦੀ ਤੁਰਕੀ ਯਾਤਰਾ ਦਾ ਅਧਿਐਨ ਕਰ ਰਹੇ ਹਨ, ਉਨ੍ਹਾਂ ਦੇ ਅਨੁਸਾਰ, "ਸਟੀਵਨਜ਼ ਵੀ ਉਸ ਸਮੇਂ ਦੇ ਕਈ ਯਾਤਰੀਆਂ ਵਾਂਗ ਇੱਕ ÷ਓਰੀਐਂਟਲਿਸਟ÷ ਸਨ, ਯਾਨੀ ਅਜਿਹਾ ਵਿਅਕਤੀ ਜੋ ਪੂਰਬੀ ਸੱਭਿਆਚਾਰਾਂ ਅਤੇ ਇੱਥੋਂ ਦੇ ਲੋਕਾਂ ਨੂੰ ਇੱਕ ਖਾਸ ਰੂੜ੍ਹੀਵਾਦੀ ਨਜ਼ਰੀਏ ਨਾਲ ਦੇਖਣਾ। ਹਾਲਾਂਕਿ ਲੇਖਕ ਰੌਬਰਟ ਆਈਜ਼ਨਬਰਗ ਦਾ ਮੰਨਣਾ ਹੈ ਕਿ ਜਿਵੇਂ-ਜਿਵੇਂ ਸਟੀਵਨਜ਼ ਦੀ ਯਾਤਰਾ ਅੱਗੇ ਵਧਦੀ ਗਈ, ਉਨ੍ਹਾਂ ਦਾ ਨਜ਼ਰੀਆ ਬਦਲਣਾ ਸ਼ੁਰੂ ਹੋ ਗਿਆ। ਆਈਜ਼ਨਬਰਗ ਨੇ ਕਿਹਾ, ÷ਬੇਸ਼ੱਕ ਉਹ ਇੱਕ ਸਖ਼ਤ ਸੱਭਿਆਚਾਰਕ ਦ੍ਰਿਸ਼ਟੀਕੋਣ ਤੋਂ ਗੱਲ ਕਰ ਰਹੇ ਹਨ। ਭਾਵੇਂ ਉਨ੍ਹਾਂ ਕੋਲ ਵਿਕਟੋਰੀਅਨ ਸੱਭਿਆਚਾਰਕ ਕਾਲ ਦਾ ਆਪਣਾ ਇੱਕ ਖਾਸ ਮਾਪਦੰਡ ਹੋਵੇ। ਪਰ ਜਦੋਂ ਉਹ ਤਾਜ ਮਹਿਲ ਪਹੁੰਚਦੇ ਹਨ ਤਾਂ ਉੱਥੋਂ ਦੀ ਵਾਸਤੁਕਲਾ ਅਤੇ ਕਲਾ ਦੀ ਸੁੰਦਰਤਾ ਨਾਲ ਇੰਨਾ ਪ੍ਰਭਾਵਿਤ ਹੁੰਦੇ ਹਨ, ਕਿ ਉਹ ਕਿਸੇ ਹੋਰ ਚੀਜ਼ ਨਾਲ ਇਸ ਦੀ ਤੁਲਨਾ ਨਹੀਂ ਕਰਦੇ। ਉਹ ਬੱਸ ਇਸ ਨੂੰ ਦੇਖ ਕੇ ਮੋਹਿਤ ਹੋ ਜਾਂਦੇ ਹਨ। ਸਾਈਕਲ 'ਤੇ ਦੁਨੀਆਂ ਦੀ ਯਾਤਰਾ ਕਰਨ ਵਾਲੇ ਪਹਿਲੇ ਵਿਅਕਤੀ ਹੋਣ ਦੇ ਨਾਤੇ ਸਟੀਵਨਜ਼ ਦੀਆਂ ਕਹਾਣੀਆਂ ਦੀ ਇੰਗਲੈਂਡ ਅਤੇ ਅਮਰੀਕਾ ਵਿੱਚ ਬਹੁਤ ਮੰਗ ਸੀ। ਵਿਦਵਾਨਾਂ ਅਨੁਸਾਰ ਉਨ੍ਹਾਂ ਦੀਆਂ ਕਹਾਣੀਆਂ ਨੇ ਉਸ ਸਮੇਂ ਦੇ ਬਹੁਤ ਸਾਰੇ ਅਮਰੀਕੀਆਂ ਦੇ ਬਾਕੀ ਦੁਨੀਆਂ ਨੂੰ ਦੇਖਣ ਦੇ ਨਜ਼ਰੀਏ ਨੂੰ ਬਦਲ ਦਿੱਤਾ ਸੀ।

ਸਟੀਵਨਜ਼ ਦਾ ਜੀਵਨ ਨੌਜਵਾਨ ਅਮਰੀਕੀ ਸਾਹਸੀ ਯਾਤਰੀਆਂ ਵਿਲੀਅਮ ਸਾਚਲਬੇਨ ਅਤੇ ਥਾਮਸ ਐਲਨ ਲਈ ਇੱਕ ਪ੍ਰੇਰਣਾ ਬਣ ਗਿਆ, ਜਿਨ੍ਹਾਂ ਨੇ ਬਾਅਦ ਵਿੱਚ ਸਾਈਕਲ ਰਾਹੀਂ ਇਸਤਾਂਬੁਲ ਦੀ ਯਾਤਰਾ ਕੀਤੀ। ਇਸ ਸਭ ਤੋਂ ਇਲਾਵਾ ਲੇਖਕ ਆਇਦਨ ਸੇਲਿਕ ਦਾ ਮੰਨਣਾ ਹੈ ਕਿ ਸਟੀਵਨਜ਼ ਦੀ ਸਭ ਤੋਂ ਮਹੱਤਵਪੂਰਨ ਵਿਰਾਸਤ ਦੋ-ਪਹੀਆ ਵਾਹਨ ਦੀ ਯਾਤਰਾ ਨੂੰ ਪ੍ਰਸਿੱਧ ਬਣਾਉਣ ਵਿੱਚ ਉਨ੍ਹਾਂ ਦਾ ਵੱਡਾ ਯੋਗਦਾਨ ਹੈ, ਜਿਸ ਨੂੰ ਉਨ੍ਹਾਂ ਨੇ ਇੱਕ ਕਿਸਮ ਦੀ ਸਾਈਕਲ ਕ੍ਰਾਂਤੀ ਵਜੋਂ ਦਰਸਾਇਆ ਹੈ।

## ਪੂਰਬ ਵੱਲ ਦਾ ਸਫਰ

ਈਰਾਨ ਵਿੱਚ ਸਟੀਵਨਜ਼ ਨੇ ਉੱਥੋਂ ਦੇ ਸ਼ਾਹ ਨਾਸਿਰ ਅਲ-ਦੀਨ ਦੇ ਮਹਿਮਾਨ ਵਜੋਂ ਤੇਹਰਾਨ ਵਿੱਚ ਕੁਝ ਸਮਾਂ ਬਿਤਾਇਆ। ਤਹਿਰਾਨ ਦੇ ਬਾਹਰੀ ਖੇਤਰ ਵਿੱਚ ਉਹ 'ਜ਼ੋਰੋਸਟ ?ਰੀਅਨ ਟਾਵਰਜ਼ ਆਫ ਸਾਈਲੈਂਸ' ਦੀ ਪ੍ਰਸ਼ੰਸਾ ਕਰਨ ਲਈ ਰੁਕੇ। ਇਹ ਇੱਕ ਪ੍ਰਾਚੀਨ ਸਥਾਨ ਸੀ ਜਿੱਥੇ ਮ੍ਰਿਤਕਾਂ ਨੂੰ ਗਿਰਝਾਂ ਦੇ ਖਾਣ ਲਈ ਛੱਡ ਦਿੱਤਾ ਜਾਂਦਾ ਸੀ, ਕਿਉਂਕਿ ਉਨ੍ਹਾਂ ਨੂੰ ਦਫ਼ਨਾਉਣ ਬਾਰੇ ਇਹ ਮੰਨਿਆ ਜਾਂਦਾ ਸੀ ਕਿ ਇਸ ਨਾਲ ਮਿੱਟੀ ਖ਼ਰਾਬ ਹੁੰਦੀ ਹੈ। ਉਨ੍ਹਾਂ ਨੇ ਦੇਖਿਆ ਕਿ ਜ਼ੋਰੋਸਟਰ ਦੀਆਂ ਅੱਗਾਂ ਕਦੋਂ ਦੀਆਂ ਬੁੱਝ ਚੁੱਕੀਆਂ ਸਨ ਅਤੇ ਉਹ ਟਾਵਰ ਇੱਕ ਪ੍ਰਾਚੀਨ ਧਰਮ ਦੀ ਨਿਸ਼ਾਨੀ ਵਜੋਂ ਖੜ੍ਹੇ ਸਨ। ਕਿਉਂਕਿ ਕਿਸੇ ਸਮੇਂ ਇਨ੍ਹਾਂ ਨੂੰ ਦਿਨ-ਰਾਤ ਤੇਲ ਨਾਲ ਜਗਾਇਆ ਜਾਂਦਾ ਸੀ।÷ ਈਰਾਨ ਤੋਂ ਬਾਅਦ ਸਟੀਵਨਜ਼ ਅਫਗਾਨਿਸਤਾਨ ਲਈ ਰਵਾਨਾ ਹੋਏ। ਹਾਲਾਂਕਿ ਉਹ ਦੇਸ਼ ਵਿੱਚ ਦਾਖਲ ਨਹੀਂ ਹੋ ਸਕੇ, ਇਸ ਲਈ ਉਹ ਕੈਸਪੀਅਨ ਸਾਗਰ ਨੂੰ ਜਹਾਜ਼ ਰਾਹੀਂ ਪਾਰ ਕਰਕੇ ਬਾਕੂ ਪਹੁੰਚੇ ਜੋ ਅੱਜ ਅਜ਼ਰਬਾਈਜਾਨ ਦੀ ਰਾਜਧਾਨੀ ਹੈ ਅਤੇ ਉੱਥੋਂ ਰੇਲਗੱਡੀ ਰਾਹੀਂ ਜਾਰਜੀਆ ਦੇ ਬਟੂਮੀ ਸ਼ਹਿਰ ਚਲੇ ਗਏ। ਇਸ ਤੋਂ ਬਾਅਦ ਉਹ ਸਮੁੰਦਰੀ ਜਹਾਜ਼ ਰਾਹੀਂ ਭਾਰਤ ਦੇ ਕਲਕੱਤਾ ਸ਼ਹਿਰ ਪਹੁੰਚੇ। ਭਾਰਤ ਵਿੱਚ, ਉਨ੍ਹਾਂ ਦੀਆਂ ਲਿਖਤਾਂ ਨੇ ਤਾਜ ਮਹਿਲ ਦੀ ਬਹੁਤ ਪ੍ਰਸ਼ੰਸਾ ਕੀਤੀ। ਹਾਲਾਂਕਿ ਉਨ੍ਹਾਂ ਨੇ ਗਰਮੀ ਬਾਰੇ ਸ਼ਿਕਾਇਤ ਕੀਤੀ ਪਰ ਉਨ੍ਹਾਂ ਨੇ ਨੋਟ ਕੀਤਾ ਕਿ ਇੱਥੋਂ ਦੇ ਦ੍ਰਿਸ਼ ਅਤੇ ਰੰਗ ਉਨ੍ਹਾਂ ਦੀ ਹੁਣ ਤੱਕ ਦੀ ਯਾਤਰਾ ਦੇ ਸਭ ਤੋਂ ਪਸੰਦੀਦਾ ਸਨ। ਉੱਥੋਂ ਉਹ ਹਾਂਗਕਾਂਗ ਅਤੇ ਫਿਰ ਚੀਨ ਚਲੇ ਗਏ। ਉਨ੍ਹਾਂ ਦੀ ਯਾਤਰਾ ਦਾ ਆਖਰੀ ਪੜਾਅ ਜਾਪਾਨ ਦਾ ਯੋਕੋਹਾਮਾ ਸ਼ਹਿਰ ਸੀ। ਉੱਥੇ ਸਟੀਵਨਜ਼ ਦਾ ਟਾਕਰਾ ਅਜਿਹੇ ਪਿੰਡ ਵਾਸੀਆਂ ਨਾਲ ਹੋਇਆ ਜਿਨ੍ਹਾਂ ਨੂੰ ਉਨ੍ਹਾਂ ਨੇ ਸਲੀਕੇ ਵਾਲੇ ਅਤੇ ਖੁਸ਼ਮਿਜ਼ਾਜਦੱਸਿਆ। ਉਨ੍ਹਾਂ ਨੇ ਲਿਖਿਆ, ਉਹ ਕਿਸੇ ਵੀ ਦੂਜੇ ਦੇਸ਼ ਦੇ ਮੁਕਾਬਲੇ ਖੁਸ਼ੀ ਨਾਲ ਨਾ ਜਿਉਣ ਦੀ ਸਮੱਸਿਆ ਨੂੰ ਹੱਲ ਕਰਨ ਦੇ ਜ਼ਿਆਦਾ ਨੇੜੇ ਹਨ। ਉਹ ਉੱਥੋਂ ਦੇ ਬੱਚਿਆਂ ਦੇ ਸਿੱਖਣ ਪ੍ਰਤੀ ਰੁਚੀ ਨੂੰ ਦੇਖ ਕੇ ਵੀ ਹੈਰਾਨ ਰਹਿ ਗਏ। ਇੱਥੇ ਹੀ ਉਨ੍ਹਾਂ ਨੇ 1886 ਵਿੱਚ ਆਪਣੀ ਯਾਤਰਾ ਪੂਰੀ ਕੀਤੀ ਜੋ ਕੁੱਲ ਮਿਲਾ ਕੇ ਦੋ ਸਾਲ ਅਤੇ ਅੱਠ ਮਹੀਨੇ ਚੱਲੀ ਸੀ। ਉਨ੍ਹਾਂ ਦੇ ਆਪਣੇ ਹਿਸਾਬ ਨਾਲ, ਉਨ੍ਹਾਂ ਨੇ 13,500 ਮੀਲ (22,000 ਕਿਲੋਮੀਟਰ) ਸਾਈਕਲ ਚਲਾਇਆ ਸੀ ਅਤੇ ਉਹ ਸਾਈਕਲ ਰਾਹੀਂ ਵਿਸ਼ਵ ਯਾਤਰਾ ਪੂਰੀ ਕਰਨ ਵਾਲੇ ਦੁਨੀਆ ਦੇ ਪਹਿਲੇ ਵਿਅਕਤੀ ਮੰਨੇ ਜਾਂਦੇ ਹਨ। ਉਨ੍ਹਾਂ ਨੇ ਪਹਿਲਾਂ ਆਪਣੇ ਟ ?ਰੈਵਲ ਨੋਟਸ ਇੱਕ ਮੈਗਜ਼ੀਨ ਵਿੱਚ ਪ੍ਰਕਾਸ਼ਿਤ ਕਰਵਾਏ ਅਤੇ ਫਿਰ 1887 ਵਿੱਚ ਇੱਕ ਕਿਤਾਬ ਦੇ ਰੂਪ ਵਿੱਚ ਪੇਸ਼ ਕੀਤੇ।



# ਹਫ਼ਤਾਵਾਰੀ ਪ੍ਰੀਤਨਾਮਾ

**Weekly Preetnama** www.preetnama.com
+1 (201) 312-4180





**PRITPAL KAUR**
Editor-In-Chief
+1 201-312-4180
+1 917-328-8436

**ADVISORY BOARD**

Joga Singh
********************************
Jaswinder Singh New Jersey
********************************
Mindi Manak
NewYork
********************************
Jagjit Singh Dasuya
********************************
Gurmeet Singh Dhalwan
Chicago
********************************
G. S Singh Punjab
********************************
Sujan Nag, USA
********************************
Dr. Jagdeep Dhimaan, India
********************
Sarabjit Kaur Punjab
**********************
Sukhmandar Brar
(Bhagata Bhaika) Vancouver,

********************************
Sunil Kumar Gund
(Journalist) India
********************************
Raj Rani
Video editor
********************************
Jagmeet Kaur
97817-41631
********************************

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

**The Preetnama is not responsible or legally lible for any news, article, advertisement or typing mistakes in the news or articles**

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।

**Preetnamausa@gmail.com**
**www.preetnama.com**


# ਤਬਾਹੀ ਵੱਲ ਵਧ ਰਿਹਾ ਐਮੇਜ਼ੌਨ

ਐਮੇਜ਼ੌਨ ਜੰਗਲਾਂ ਨੂੰ ਧਰਤੀ ਦੇ ਫੇਫੜੇ ਵਜੋਂ ਜਾਣਿਆ ਜਾਂਦਾ ਹੈ ਕਿਉਂਕਿ ਇਹ ਧਰਤੀ ਦੀ ਕੁੱਲ ਲੋੜੀਂਦੀ ਆਕਸੀਜਨ ਦਾ ਵੀਹ ਫ਼ੀਸਦੀ ਹਿੱਸਾ ਪ੍ਰਦਾਨ ਕਰਦੇ ਹਨ। ਇਨ੍ਹਾਂ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਨੇ ਪੂਰੀ ਦੁਨੀਆਂ ਵਿਚ ਤਰਥੱਲੀ ਮਚਾ ਦਿੱਤੀ ਹੈ। ਇਹ ਰਚਨਾ ਐਮੇਜ਼ੌਨ ਜੰਗਲਾਂ ਦੀ ਅਹਿਮੀਅਤ ਬਾਰੇ ਦੱਸਦੀ ਹੈ।

ਵਾਤਾਵਰਣਕ ਤਬਾਹੀ

ਐਮੇਜ਼ੌਨ ਲਾਤੀਨੀ ਅਮਰੀਕੀ ਮੁਲਕਾਂ ਦਾ ਸਾਂਝਾ ਜੰਗਲ ਹੈ। ਪ੍ਰਿਥਵੀ ਦਾ ਸਾਂਝਾ ਵਿਰਸਾ। ਇਹ ਐਮੇਜ਼ੌਨ ਦਰਿਆ ਦੀ ਘਾਟੀ ਹੈ। ਧਰਤੀ ਉੱਪਰ ਦਰਿਆਵਾਂ ਦੇ ਦੋ ਸੋਮੇ ਹਨ: ਗਲੇਸ਼ੀਅਰ (ਬਰਫ਼ੀਲੇ ਪਹਾੜ) ਅਤੇ ਸੰਘਣੇ ਜੰਗਲ। ਜਿੱਥੇ ਐਮੇਜ਼ੌਨ ਜੰਗਲ ਐਮੇਜ਼ੌਨ ਦਰਿਆ ਦਾ ਜਨਮਦਾਤਾ ਹੈ, ਉੱਥੇ ਇਹ ਦਰਿਆ ਵੀ ਇਸ ਜੰਗਲ ਦਾ ਪੂਰਕ ਹੈ। ਦੋਵਾਂ ਦੀ ਹੋਂਦ ਇਕ-ਦੂਜੇ ਤੋਂ ਬਗੈਰ ਕਿਆਸੀ ਨਹੀਂ ਜਾ ਸਕਦੀ। ਉਵੇਂ ਹੀ ਦੋਵਾਂ ਦੀ ਹੋਣੀ ਵੀ ਇਕ ਹੈ ਜਿਵੇਂ ਰੁੱਖ ਅਤੇ ਪਾਣੀ ਨਾਲ ਮਨੁੱਖ ਦੀ। ਐਮੇਜ਼ੌਨ ਖਿੱਤੇ ਕੋਲ ਇਸ ਵੇਲੇ ਦੁਨੀਆਂ ਦੇ ਬਿਹਤਰੀਨ ਰੁੱਖਾਂ ਦਾ ਵੱਡਾ ਜ਼ਖੀਰਾ ਹੈ ਭਾਵ ਇਹ ਦੁਨੀਆਂ ਦਾ ਸਭ ਤੋਂ ਵੱਡਾ ਜੰਗਲ ਹੈ। ਇਹ ਧਰਤੀ ਉੱਪਰ ਵਰਖਾ ਵਣਾਂ ਦਾ ਅਹਿਮ ਨਮੂਨਾ ਹੈ। ਜੰਗਲ ਮੀਂਹ ਦੇ ਜਨਮਦਾਤੇ ਹਨ ਅਤੇ ਮੀਂਹ ਪਾਣੀ ਦਾ ਮੁੱਢਲਾ ਸੋਮਾ। ਐਮੇਜ਼ੌਨ ਦੁਆਲੇ ਜੰਗਲੀ ਖੇਤਰ ਦਾ ਰਕਬਾ 53,61,300 ਵਰਗ ਕਿਲੋਮੀਟਰ (8.15 ਕਰੋੜ ਏਕੜ) ਹੈ ਜਿਹੜਾ ਸੰਯੁਕਤ ਰਾਜ ਅਮਰੀਕਾ ਦੇ 90 ਫ਼ੀਸਦੀ ਖੇਤਰਫਲ ਬਰਾਬਰ ਬਣਦਾ ਹੈ। ਐਮੇਜ਼ੌਨ ਦੇ ਜੰਗਲੀ ਰਕਬੇ ਵਿਚ ਘੱਟੋ-ਘੱਟ ਨੌਂ ਮੁਲਕ ਹਨ- ਬ੍ਰਾਜ਼ੀਲ, ਬੋਲੀਵੀਆ, ਪੇਰੂ, ਇਕੁਆਡੋਰ, ਕੋਲੰਬੀਆ, ਵੈਨਜ਼ੂਏਲਾ, ਗੁਆਨਾ, ਸੁਰੀਨਾਮ ਅਤੇ ਫਰੈਂਚ ਗੁਆਨਾ, ਪਰ 60 ਫ਼ੀਸਦੀ ਭਾਗ ਬ੍ਰਾਜ਼ੀਲ ਦਾ ਹੈ ਭਾਵ ਐਮੇਜ਼ੌਨ ਅਤੇ ਬ੍ਰਾਜ਼ੀਲ ਇਕ-ਦੂਜੇ ਨਾਲ ਰਲਗੱਡ ਹਨ। ਇਸ ਵਿਚ 400 ਤੋਂ ਵੱਧ ਜਨ-ਜਾਤੀ ਸਮੂਹ ਵਸਦੇ ਹਨ ਜਿਨ੍ਹਾਂ ਵਿਚੋਂ ਤਕਰੀਬਨ ਅੱਧਿਆਂ ਦਾ ਹਾਲੇ ਤੀਕ ਵੀ ਦੁਨੀਆਂ ਨਾਲ ਕੋਈ ਸੰਪਰਕ ਨਹੀਂ। ਇਨ੍ਹਾਂ ਦੀਆਂ ਵਿਲੱਖਣ ਮਾਨਤਾਵਾਂ ਅਤੇ ਰਹਿਣੀ ਬਹਿਣੀ ਆਦਿ ਮਨੁੱਖ ਦਾ ਝਲਕਾਰਾ ਪਾਉਂਦੀਆਂ ਹਨ।

ਐਮੇਜ਼ੌਨ ਧਰਤੀ ਉੱਪਰ ਸੰਘਣੀ ਹਰਿਆਲੀ ਦਾ ਉਹ ਛਤਰ ਹੈ ਜਿਹੜਾ ਸਾਨੂੰ ਸਾਰਿਆਂ ਨੂੰ ਸੂਰਜ ਦੀ ਮਾਰੂ ਤਪਸ਼ ਤੋਂ ਬਚਾਅ ਰਿਹਾ ਹੈ। ਦੁਨੀਆਂ ਨੂੰ ਕੁੱਲ ਲੋੜੀਂਦੀ ਆਕਸੀਜਨ ਦਾ 20 ਫ਼ੀਸਦੀ ਇਕੱਲੇ ਐਮੇਜ਼ੌਨ ਜੰਗਲਾਂ ਤੋਂ ਹੀ ਪ੍ਰਾਪਤ ਹੁੰਦਾ ਹੈ। ਐਮੇਜ਼ੌਨ ਦਰਿਆ ਦੀਆਂ ਇਕ ਹਜ਼ਾਰ ਤੋਂ ਵੱਧ ਸਹਾਇਕ ਨਦੀਆਂ ਹਨ ਤੇ ਇਹ 6,400 ਕਿਲੋਮੀਟਰ ਦਾ ਪੈਂਡਾ ਮਾਰਦਾ, ਵਲ-ਵਲੇਵੇਂ ਖਾਂਦਾ ਅੰਧ-ਮਹਾਂਸਾਗਰ ਵਿਚ ਜਾ ਵਿਲੀਨ ਹੁੰਦਾ ਹੈ। ਲੰਬਾਈ ਦੇ ਪੱਖ ਤੋਂ ਨੀਲ ਨਦੀ (6600 ਕਿਲੋਮੀਟਰ) ਹੀ ਇਸ ਤੋਂ ਵੱਡੀ ਹੈ ਤੇ ਸਾਡੇ ਦੇਸ਼ ਦੀ ਗੰਗਾ ਇਸ ਤੋਂ ਕੁਝ ਛੋਟੀ, ਪਰ ਜਲ ਦੀ ਮਾਤਰਾ ਦੇ ਪੱਖ ਤੋਂ ਐਮੇਜ਼ੌਨ ਦਾ ਕੋਈ ਸਾਨੀ ਨਹੀਂ। ਹਰ ਘੰਟੇ ਲਗਭਗ 170 ਅਰਬ ਗੈਲਨ ਪਾਣੀ ਸਮੁੰਦਰ ਵਿਚ ਜਾ ਰਲਦਾ ਹੈ। ਇਹ ਮਾਤਰਾ ਨੀਲ ਨਦੀ ਦੇ ਵਹਿਣ ਨਾਲੋਂ 60 ਗੁਣਾ ਜ਼ਿਆਦਾ ਹੈ। ਇਸ ਦਾ ਪਾੜ? ਕੋਈ ਕਹਿਣ ਵਾਲੀ ਗੱਲ ਨਹੀਂ। ਦਰਿਆ ਦੇ ਦਹਾਨੇ ਤੋਂ ਇਕ ਕਿਲੋਮੀਟਰ ਉੱਪਰ ਵੱਲ ਵੀ ਇਕ ਕੰਢੇ ਉੱਪਰ ਖੜ੍ਹੇ ਹੋ ਕੇ ਤੁਸੀਂ ਦੂਜੇ ਕੰਢੇ ਦੀ ਸਾਰ ਨਹੀਂ ਲੈ ਸਕਦੇ। ਤੇ ਇਸ ਦੇ ਜੰਗਲ?

ਐਮੇਜ਼ੌਨ ਜੰਗਲ ਏਨੇ ਸੰਘਣੇ ਹਨ ਕਿ ਕਈ ਭਾਗਾਂ ਵਿਚ ਸੂਰਜ ਦੀ ਰੌਸ਼ਨੀ ਦਾ ਵੀ ਨਹੀਂ ਲੰਘਦੀ। ਤਣੇ ਏਨੇ ਉੱਚੇ ਹਨ ਕਿ ਥਮ੍ਹਲਿਆਂ ਉੱਪਰ ਸਾਵੀਂ ਛੱਤ ਪਈ ਭਾਸਦੀ ਹੈ। ਤਣਿਆਂ ਗਲ ਲੱਗੀਆਂ ਵੇਲਾਂ ਦੂਰ ਉੱਪਰ ਟਾਹਣੀਆਂ ਵਿਚ ਜਾ ਵੜਦੀਆਂ ਹਨ ਤੇ ਇਸ ਵਿਚ ਪਿੜੀਆਂ ਪਾ ਕੇ ਇਸ ਛਤਰ ਨੂੰ ਹੋਰ ਵੀ ਸੰਘਣਾ ਕਰ ਦਿੰਦੀਆਂ ਹਨ। ਇਹ ਜੰਗਲ ਆਕਸੀਜਨ, ਪਾਣੀ, ਵੰਨ-ਸੁਵੰਨਤਾ ਹੀ ਨਹੀਂ ਸਗੋਂ ਦੁਰਲੱਭ ਜੜ੍ਹੀ-ਬੂਟੀਆਂ ਦਾ ਵੀ ਅਮੀਰ ਖ਼ਜ਼ਾਨਾ ਹੈ। ਦੁਨੀਆਂ ਦੇ ਮਾਹਿਰ ਜੀਵ-ਵਿਗਿਆਨੀ ਵੀ ਅਜੇ ਤੀਕ ਐਮੇਜ਼ੌਨ ਦੀ ਜੀਵਨ ਬਣਤਰ ਨੂੰ ਬਿਆਨ ਨਹੀਂ ਕਰ ਸਕੇ। ਸੰਯੁਕਤ ਰਾਜ ਦੀ ਕੌਮੀ ਵਿਗਿਆਨ ਅਕਾਦਮੀ ਮੁਤਾਬਿਕ: "ਐਮੇਜ਼ੌਨ ਦੇ ਦਸ ਵਰਗ ਕਿਲੋਮੀਟਰ ਰਕਬੇ ਵਿਚ 25 ਲੱਖ ਕੀਟ ਪ੍ਰਜਾਤੀਆਂ ਸਮੇਤ ਰੁੱਖਾਂ-ਬਨਸਪਤੀ ਦੀਆਂ ਤਕਰੀਬਨ 50 ਹਜ਼ਾਰ, ਪਸ਼ੂਆਂ ਤੇ ਥਣਧਾਰੀਆਂ ਦੀਆਂ ਸੈਂਕੜੇ, 2200 ਕਿਸਮ ਦੀਆਂ ਮੱਛੀਆਂ, ਪੰਛੀਆਂ ਦੀਆਂ 1900 ਅਤੇ ਸੱਪਾਂ ਦੀਆਂ ਸੌ ਤੋਂ ਵੱਧ ਕਿਸਮਾਂ ਹਨ। ਹਰ ਰੁੱਖ ਉੱਪਰ ਖੋੜਾਂ ਤੇ ਘੁਰਨਿਆਂ ਅੰਦਰ ਕੀੜਿਆਂ-ਮਕੌੜਿਆਂ ਦੀਆਂ ਚਾਰ ਸੌ ਤੋਂ ਵੀ ਵੱਧ ਪ੍ਰਜਾਤੀਆਂ ਦੇਖਣ ਵਿਚ ਆਈਆਂ ਹਨ। ਜਲ ਜੀਵਾਂ ਦੀਆਂ ਸੱਠ ਤੋਂ ਵਧੀਕ ਸ਼੍ਰੇਣੀਆਂ ਢਾਈ ਕੁ ਕਿਲੋਮੀਟਰ ਦੇ ਘੇਰੇ 'ਚ ਤੁਹਾਨੂੰ ਮਿਲ ਜਾਣਗੀਆਂ।"

ਐਮੇਜ਼ੌਨ ਘਾਟੀ ਵਿਚ ਪੌਦਿਆਂ ਦੀਆਂ 40,000 ਤੋਂ ਵੱਧ ਜਿਣਸਾਂ ਗਿਣੀਆਂ ਜਾ ਚੁੱਕੀਆਂ ਹਨ। ਕਈ ਪੌਦੇ, ਜੀਵ-ਜੰਤੂ ਅਤੇ ਪੰਖੇਰੂ ਐਮੇਜ਼ੌਨ ਵਰਗੇ ਹੀ ਹੈਰਾਨੀਜਨਕ ਹਨ ਜਿਵੇਂ ਲਿਲੀ ਦਾ ਫੁੱਲ ਇਕ ਮੀਟਰ ਚੌੜਾ ਹੋ ਸਕਦਾ ਹੈ, ਤਿਤਲੀਆਂ ਦੀਆਂ ਖੰਭੜੀਆਂ ਨਹੀਂ ਸਗੋਂ ਖੰਭ 20 ਸੈਂਟੀਮੀਟਰ ਤਕ ਲੰਮੇ ਹੁੰਦੇ ਹਨ, ਪਿਰਾਰਕੂ ਮੱਛੀ ਦਾ ਕੱਦ ਦੋ ਮੀਟਰ ਹੁੰਦਾ ਹੈ, ਏਥੇ ਅਜਿਹੇ ਪੌਦੇ ਵੀ ਹਨ ਜਿਹੜੇ ਗਲੇ-ਸੜੇ ਮਾਸ ਦੀ ਸੜਿਆਂਦ ਮਾਰਦੇ ਹਨ ਤੇ ਹਰੇਕ ਜੀਵ ਇਕ ਦੂਜੇ ਦੇ ਸ਼ਿਕਾਰ ਉੱਪਰ ਹੀ ਜੀਅ ਰਿਹਾ ਹੈ, ਪਰ ਹਰੇਕ ਨੂੰ ਹੀ ਪ੍ਰਕਿਰਤੀ ਨੇ ਸੁਰੱਖਿਆ ਲਈ ਦਾਅ-ਪੇਚ ਵੀ ਸਿਖਾ ਦਿੱਤੇ ਹਨ। ਐਮੇਜ਼ੌਨ ਦੇ ਜੰਗਲਾਂ ਕੋਲ ਪ੍ਰਾਣੀ-ਮੰਡਲ ਦੀ ਉਤਪਤੀ ਅਤੇ ਵਿਕਾਸ ਦੇ ਅਜਿਹੇ ਭੇਤ ਹਨ ਜਿਨ੍ਹਾਂ ਤਕ ਸਾਡੀ ਅਜੇ ਤੀਕ ਰਸਾਈ ਨਹੀਂ ਹੋ ਸਕੀ। ਇਹ ਬਨਸਪਤੀਆਂ ਦਾ ਖ਼ਜ਼ਾਨਾ ਤੇ ਬੇਸ਼ੁਮਾਰ ਔਸ਼ਧੀਆਂ ਦਾ ਭੰਡਾਰ ਹੈ। ਦੁਨੀਆਂ ਦੀਆਂ ਹਰ ਚਾਰ ਫਾਰਮੇਸੀਆਂ ਵਿਚੋਂ ਇਕ ਫਾਰਮੇਸੀ ਦਾ ਆਧਾਰ ਇਹ ਸੰਘਣੇ ਤਪਤ-ਖੰਡੀ ਜੰਗਲ ਹਨ। ਅਨੁਮਾਨ ਲਗਾਇਆ ਗਿਆ ਹੈ ਕਿ ਇੱਥੇ 1400 ਅਜਿਹੇ ਪੌਦੇ ਹਨ ਜਿਨ੍ਹਾਂ ਕੋਲ ਕੈਂਸਰ ਦੇ ਵਿਪਰੀਤੀ ਗੁਣ ਹਨ। ਇਸ ਜੀਵ-ਰਸਾਇਣੀ ਗੁਦਾਮ ਵਿਚ ਤੁਹਾਨੂੰ ਦੁਨੀਆਂ ਭਰ ਦੇ ਅੱਧੇ ਪੌਦਿਆਂ ਤੇ ਜੀਵਾਂ ਦੀ ਸੰਭਾਲ ਮਿਲ ਜਾਏਗੀ। ਦੁਖਾਂਤ ਇਹ ਹੈ ਕਿ ਅੱਜ ਦੀ ਮਨੁੱਖੀ ਨਸਲ ਏਸੇ ਜੀਵਨ ਵਰਧਕ ਸੋਮੇ ਨੂੰ ਬੁਰੀ ਤਰ੍ਹਾਂ ਨਸ਼ਟ ਕਰ ਰਹੀ ਹੈ। ਜੰਗਲੀ ਰਕਬਾ ਖ਼ਤਮ ਕਰਨ ਦਾ ਅਰਥ ਹੈ ਧਰਤੀ ਉਪਰੋਂ ਅਣਗਿਣਤ ਜੀਵ ਨਸਲਾਂ ਦਾ ਸਫ਼ਾਇਆ। ਇਕ ਸਰਵੇਖਣ ਅਨੁਸਾਰ "ਦੁਨੀਆਂ ਦੀਆਂ ਘੱਟੋ-ਘੱਟ ਇਕ-ਤਿਹਾਈ ਪ੍ਰਾਣੀ ਜਿਣਸਾਂ ਇਸ ਗੁੰਝਲਦਾਰ ਵਾਤਾਵਰਣ ਵਿਚ ਇਕੱਠੀਆਂ ਰਹਿ ਰਹੀਆਂ ਹਨ। ਇਸ ਵਿਚੋਂ ਜਿਨ੍ਹਾਂ ਦੇ ਵਿਗਿਆਨਕ ਨਾਂ ਰੱਖ ਕੇ ਸੂਚੀਬੱਧ ਕੀਤਾ ਗਿਆਂ ਹੈ, ਉਹ ਤਾਂ ਅਜੇ ਨਾਂ-ਮਾਤਰ ਹੀ ਹਨ। ਐਮੇਜ਼ੌਨ ਦੇ ਜੰਗਲ ਸਿਰਫ਼ ਰੁੱਖਾਂ ਦੇ ਝੁੰਡ ਹੀ ਨਹੀਂ ਸਗੋਂ ਇਕ ਬਹੁਤ ਵੱਡਾ ਕੁਦਰਤੀ ਕਾਰਖਾਨਾ ਹੈ ਜਿਹੜਾ ਪੌਸ਼ਟਿਕ ਤੱਤਾਂ ਅਤੇ ਨਮੀ ਨੂੰ ਮੁੜ ਵਾਤਾਵਰਣ ਦੇ ਚੱਕਰ ਵਿਚ ਲਿਆਉਂਦਾ ਹੈ। ਜੇਕਰ ਐਮੇਜ਼ੌਨ ਜੰਗਲ ਤਬਾਹ ਹੋ ਗਏ ਤਾਂ ਵਾਯੂਮੰਡਲ ਵਿਚ ਰਲ ਰਹੇ ਜਲਵਾਸ਼ਪ ਦੀ ਮਾਤਰਾ 20 ਫ਼ੀਸਦੀ ਘਟ ਜਾਵੇਗੀ। ਸਿਰਫ਼ ਨਮੀ ਦੀ ਘਾਟ ਹੀ ਨਹੀਂ ਸਗੋਂ ਬਨਸਪਤੀ ਦਾ ਹਰਾ ਕੱਜਣ ਲੋਪ ਹੋਣ ਨਾਲ ਧਰਤੀ ਦੀ ਕਾਰਬਨ ਡਾਇਆਕਸਾਈਡ ਚੂਸਣ ਦੀ ਸਮਰੱਥਾ ਵੀ ਘਟ ਜਾਂਦੀ ਹੈ। ਇਸ ਦਾ ਮਾੜਾ ਅਸਰ ਆਕਸੀਜਨ ਉਤਪਾਦਨ ਉੱਪਰ ਵੀ ਪੈਂਦਾ ਹੈ। ਇਸੇ ਤਰ੍ਹਾਂ ਨਾਈਟਰੋਜਨ ਨੂੰ ਮੁੜ ਗੇੜ ਵਿਚ ਲਿਆਉਣ ਦਾ ਕਾਰਜ ਵੀ ਢਿੱਲਾ ਪੈ ਜਾਂਦਾ ਹੈ। ਇਸ ਕਾਰਨ ਪੌਦਿਆਂ ਨੂੰ ਪੂਰੇ ਨਾਈਟਰੇਟ ਨਾ ਮਿਲਣ ਕਰਕੇ ਬਨਸਪਤੀ ਦੀ ਵੰਨ-ਸੁਵੰਨਤਾ ਉੱਪਰ ਮਾਰੂ ਪ੍ਰਭਾਵ ਪੈਂਦੇ ਹਨ। ਐਮੇਜ਼ੌਨ ਖੇਤਰ ਦੇ ਅੱਧੇ ਹੈਕਟੇਅਰ ਵਿਚ ਸ਼ੀਤ-ਊਸ਼ਣੀ ਜੰਗਲਾਂ ਨਾਲੋਂ ਦਸ ਗੁਣਾਂ ਜ਼ਿਆਦਾ ਵੰਨ-ਸੁਵੰਨਤਾ ਭਰਪੂਰ ਬਨਸਪਤੀ ਹੈ, ਪਰ ਹੁਣ ਮਨੁੱਖੀ ਹਵਸ ਅਤੇ ਧਨ-ਕੁਬੇਰਾਂ ਦੀ ਲਾਲਸਾ ਕਾਰਨ ਇਹ ਸਭ ਕੁਝ ਖ਼ਾਤਮੇ ਵੱਲ ਵਧਦਾ ਦਿਸਦਾ ਹੈ। ਸੰਯੁਕਤ ਰਾਸ਼ਟਰ ਅਨੁਸਾਰ: "ਦੁਨੀਆਂ ਦੇ ਤਪਤਖੰਡੀ ਬਰਖਾ ਵਾਲੇ ਖੇਤਰਾਂ ਵਿਚ ਹਰ ਸਾਲ 75 ਲੱਖ ਹੈਕਟੇਅਰ ਜੰਗਲ ਲੋਪ ਹੋ ਰਹੇ ਹਨ। ਇਸ ਤਰ੍ਹਾਂ ਜੰਗਲਾਂ ਦੇ ਲੋਪ ਹੋਣ ਦੀ ਦਰ ਪਹਿਲਾਂ ਨਾਲੋਂ ਤਕਰੀਬਨ ਪੰਜਾਹ ਫ਼ੀਸਦੀ ਵਧ ਗਈ ਹੈ। 'ਸੰਸਾਰ ਜੰਗਲੀ ਜੀਵ ਫੰਡ' ਦਾ ਕਹਿਣਾ ਹੈ ਕਿ ਕਟਾਈ ਜਾਂ ਅੱਗ ਕਾਰਨ ਇਨ੍ਹਾਂ ਜੰਗਲਾਂ ਦੀ ਤਬਾਹੀ 10 ਤੋਂ 20 ਹੈਕਟੇਅਰ ਪ੍ਰਤੀ ਮਿੰਟ ਹੁੰਦੀ ਹੈ। ਸੰਯੁਕਤ ਰਾਜ ਦੀ ਕੌਮੀ ਵਿਗਿਆਨ ਅਕਾਦਮੀ ਮੁਤਾਬਿਕ ਇਹ ਦਰ ਦੋ ਕਰੋੜ ਹੈਕਟੇਅਰ ਪ੍ਰਤੀ ਸਾਲ ਹੈ।" ਦਰ-ਹਕੀਕਤ; ਵਪਾਰੀਆਂ ਅਤੇ ਕੁਝ ਮੁਲਕਾਂ ਦੀ ਖੋਟੀ ਨਿਗਾਹ ਖਣਿਜਾਂ, ਤੇਲ-ਗੈਸਾਂ ਨਾਲ ਭਰਪੂਰ ਇਸ ਖਿੱਤੇ ਉੱਤੇ ਹੈ।




Preetnama
प्रीतनामा
खरा सच
Khara Sach
On our English language New Website
WWW.PREET NEWS.COM
Chief Editor
Pritpal Kaur
+1 201-312-4180
Vol 4, Issue 333 | Website: www.preetnama.com Email preetnamausa@gmail.com | 19 DEC TO 23 DEC, 2025

# एयरपोर्ट पर जब्त होता नशा बड़ी सफलता एवं निवेश के अवसर

– कांतिलाल मांडोत

देश की सीमाओं पर निगरानी व्यवस्था लगातार मजबूत हो रही है और इसका प्रमाण हाल ही में लोकसभा में साझा किए गए वे आंकड़े हैं, जिनमें हवाई अड्डों पर बढ़ती जब्तियों, ड्रग्स पर निर्णायक कार्रवाई, वित्तीय निवेश के रुझानों और डिजिटल सुरक्षा उपायों का विस्तृत विवरण सामने आया। संसद में पेश किए गए नवीनतम आंकड़ों के अनुसार वर्ष 2025 के दौरान केवल पहले छह महीनों में ही हवाई अड्डों पर 461 मामलों में 260 किलोग्राम सोना जब्त किया गया। तस्करी की इस बढ़ती प्रवृत्ति को देखते हुए केंद्र सरकार ने स्पष्ट संकेत दिया है कि हवाई अड्डों की सुरक्षा, सीमा शुल्क की सतर्कता और तकनीकी निगरानी को और अधिक उन्नत बनाया जाएगा, ताकि संगठित तस्करी पर पूरी तरह लगाम लग सके। सोने की जब्ती के साथ-साथ मादक पदार्थों की तस्करी से मुकाबले में भी डीआरआई ने वर्ष 2025 में अभूतपूर्व सफलता हासिल की। वित्तवर्ष 2025 के दौरान राजस्व खुफिया निदेशालय ने 3029 किलोग्राम नारकोटिक्स जब्त किया, जिसकी अनुमानित कीमत 3365 करोड़ रुपये से अधिक है। यह आँकड़ा पिछले पूरे वर्ष की तुलना में काफी अधिक है, क्योंकि 2024 में जब्त किए गए ड्रग्स का मूल्य लगभग 2505 करोड़ रुपये था। संसद में साझा आंकड़ों के अनुसार मादक पदार्थों से जुड़े कुल 549 मामलों का खुलासा हुआ, जो इस बात का प्रमाण है कि ड्रग माफिया की गतिविधियाँ अब अधिक परिष्कृत रूप ले रही हैं, परंतु सुरक्षा एजेंसियाँ भी उसी गति से उनका पीछा कर रही हैं। सरकार ने माना कि वैश्विक स्तर पर सिंथेटिक ड्रग्स की तस्करी में वृद्धि हुई है, जिसका प्रभाव भारत जैसे बड़े उपभोक्ता और ट्रांजिट देश पर भी पड़ता है, इसलिए सीमा पर निगरानी को और कड़ा करने की आवश्यकता बनी हुई है।

लोकसभा में पेश किए गए आंकड़ों के एक अन्य महत्वपूर्ण हिस्से में एलआईसी के निवेश का विवरण भी शामिल था। इस विवरण के अनुसार अदानी समूह में एलआईसी का निवेश पिछले डेढ़ दशक में 24 गुना बढ़ा है। वर्ष 2007 में अदानी पोर्ट्स एंड स्पेशल इकोनॉमिक ज़ोन में एलआईसी ने लगभग 192 करोड़ रुपये का निवेश किया था, जो 2025 में बढ़कर 15,306 करोड़ रुपये तक पहुँच गया। यह सिर्फ इक्विटी निवेश नहीं, बल्कि इक्विटी और डेट दोनों का संयुक्त मूल्य है। वर्तमान में एलआईसी के कुल निवेश पोर्टफोलियो में अदानी समूह की पाँच कंपनियों में निवेश शामिल है। संसद में सरकार ने यह स्पष्ट किया कि यह वृद्धि बाजार की स्थितियों, कंपनियों के विस्तार और बीते वर्षों में बुनियादी ढाँचे के क्षेत्र में बढ़े अवसरों के कारण हुई है। ऐसे निवेश दीर्घकालिक रणनीति पर आधारित होते हैं और इनका उद्देश्य पॉलिसीधारकों के हितों को प्राथमिकता देना है।

ਪੰਜਾਬ ਦੇ ਸਕੂਲਾਂ ਅੰਦਰ ਲੰਬੇ ਸਮੇਂ ਤੋਂ ਦਰਜਾ-ਚਾਰ ਕਰਮਚਾਰੀਆਂ ਦੀਆਂ ਪੋਸਟਾਂ ਨਾ ਭਰਨ ਕਾਰਨ ਅਧਿਆਪਕਾਂ ਨੂੰ ਆਪ ਹੀ ਕਈ ਸਕੂਲ਼ਾਂ 'ਚ ਤਾਂ ਸਾਰਾ ਕੁਝ ਹੀ ਕਰਨਾ ਪੈਂਦਾ ਹੈ ।ਬਹੁਤੇ ਸਕੂਲਾਂ 'ਚ ਸਕੂਲ ਮੁੱਖੀਆਂ ਵਲੋਂ ਕਿਵੇਂ ਨਾ ਕਿਵੇਂ ਸਟਾਫ , ਮਨੇਜਮੈਂਟ ਕਮੇਟੀ ਜਾਂ ਪਿੰਡ ਦੀ ਪੰਚਾਇਤ ਦੇ ਸਹਿਯੋਗ ਨਾਲ ਪੈਸੇ ਦਾ ਪ੍ਰਬੰਧ ਕਰਕੇ ਆਰਜ਼ੀ ਤੌਰ ਤੇ ਦਰਜਾ ਚਾਰ ਦੇ ਕੰਮ ਲਈ ਬੰਦਾ ਰੱਖ ਲਿਆ ਜਾਂਦਾ ਹੈ ,ਉਹ ਕਈ ਤਰ੍ਹਾਂ ਦੀਆਂ ਡਿਊਟੀਆਂ ,ਜਿਵੇਂ ਮਾਲੀ ਦਾ ਕੰਮ , ਘੰਟੀ ਵਜਾਉਣਾ ,ਦਫਤਰੀ ਕੰਮ ਕਰਨੇ , ਚੌਕੀਦਾਰੀ ਕਰਨੀ ਆਦਿ ਕੰਮ ਉਸ ਤੋਂ ਲਏ ਜਾਂਦੇ ਹਨ ।ਉਸ ਦੀ ਤਨਖਾਹ ਬਾਰੇ ਅੰਦਾਜ਼ਾ ਤੁਸੀਂ ਆਪ ਹੀ ਲਗਾ ਸਕਦੇ ਹੋ ਕਿ ਕਿੰਨੀ ਕੁ ਹੋਵੇਗੀ ।ਇਹ ਕੋਈ ਜਿਆਦਾ ਨਹੀਂ ਹੁੰਦੀ ਜੋ ਉਸ ਦੇ ਘਰ ਦੇ ਖਰਚਿਆਂ ਲਈ ਕਾਫੀ ਹੋਵੇਗੀ । ਇਸ ਲਈ ਉਸ ਨੂੰ ਹੋਰ ਕੰਮ ਵੀ ਕਰਨੇ ਪੈ ਸਕਦੇ ਹਨ ,ਉਸ ਦਾ ਦਿਮਾਗ ਭਟਕਨਾ 'ਚ ਜਰੂਰ ਰਹੇਗਾ ।ਇਨ੍ਹਾਂ ਬੰਦਿਆਂ ਦੀ ਜ਼ਿਮੇਵਾਰੀ ਕਿੰਨੀ ਕੁ ਨਿਸਚਤ ਕੀਤੀ ਜਾ ਸਕਦੀ ਹੈ ,ਇਹ ਵੀ ਸਵਾਲੀਆ ਚਿੰਨ੍ਹ ਹੀ ਹੈ ।ਸਕੂਲਾਂ 'ਚ ਚੋਰੀ ਦੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ ਇਨ੍ਹਾਂ ਨੂੰ ਰੋਕਣ ਲਈ ਰੈਗੂਲਰ ਚੌਕੀਦਾਰ ਦਾ ਹੋਣਾ ਜਰੂਰੀ ਹੈ ।

ਸਮਾਰਟ ਸਕੂਲਾਂ ਦੀ ਗੱਲ ਕਰੀਏ ਤਾਂ ਉਨ੍ਹਾਂ ਦੀ ਮੇਨਟੀਨੇਂਸ ਰੱਖਣ ਲਈ ਦਰਜਾ-ਚਾਰ ਕਰਮਚਾਰੀਆਂ ਦਾ ਹੋਣਾ ਬਹੁਤ ਜਰੂਰੀ ਹੈ ਪਰ ਬਹੁਤ ਘੱਟ ਸਕੂਲਾਂ 'ਚ ਚੌਕੀਦਾਰ, ਮਾਲੀ , ਚਪੜਾਸੀ ਆਦਿ ਪੂਰੇ ਤਾਂ ਸਾਇਦ ਨਾ ਹੀ ਮਿਲਣ , ਟਾਵੀਂ ਟਾਵੀਂ ਪੋਸਟ ਭਾਵੇਂ ਭਰੀ ਮਿਲ ਜਾਵੇ ।ਸਕੂਲ ਮੁੱਖੀ ਸਾਰੇ ਸਕੂਲ ਦੀ ਸਾਂਭ ਸੰਭਾਲ , ਬਿਨ੍ਹਾਂ ਚੌਥਾ ਦਰਜਾ ਕਰਮਚਾਰੀਆਂ ਦੇ , ਕਰਕੇ ਸਮਾਰਟ ਸਕੂਲ ਦੇ ਠੱਪੇ ਨੂੰ ਕਿਵੇਂ , ਕਿੰਨਾ ਕੁ ਚਿਰ ਬਰਕਰਾਰ ਰੱਖ ਸਕੇਗਾ ? ਇਹ ਅੰਦਾਜ਼ਾ ਤੁਸੀਂ ਆਪ ਹੀ ਲਾ ਸਕਦੇ ਹੋ ।ਪਿਛਲੀ ਸਰਕਾਰ ਸਮੇਂ ਸਕੂਲਾਂ ਦੀ ਬਾਹਰਲੀ ਪੋਚਾ ਪੋਚੀ ਕਰਕੇ ਬਣਾਏ ਬਹੁਤੇ ਸਕੂਲਾਂ ਦੀ ਅੰਦਰਲੀ ਸਥਿਤੀ ਮਾੜੀ ਹੋਣ ਦੇ ਆਮ ਆਦਮੀ ਪਾਰਟੀ ਨੇ ਦੋਸ਼ ਲਗਾਏ ਸਨ ਜਦੋਂ ਕਿ ਕਾਗਜ਼ੀ ਅੰਕੜਿਆਂ ਮੁਤਾਬਕ ਉਸ ਸਮੇਂ ਦੀ ਪੰਜਾਬ ਸਰਕਾਰ ਨੇ ਰਾਜ ਵਲੋਂ ਵਧੀਆ ਸਿੱਖਿਆ ਦੇਣ ਲਈ ਪ੍ਰਧਾਨ ਮੰਤਰੀ ਪਾਸੋਂ ਅਵਾਰਡ ਪ੍ਰਾਪਤ ਕੀਤਾ ਸੀ ,ਇਸ ਦਾ ਅਧਿਆਪਕ ਜਥੇਬੰਦੀਆਂ ਵਲੋਂ ਵੀ ਫਰਜ਼ੀ ਅੰਕੜਿਆਂ ਕਰਕੇ ਨਿੰਦਾ ਕੀਤੀ ਗਈ ਸੀ । ਹੁਣ ਪੰਜਾਬ 'ਚ 'ਆਪ' ਦੀ ਸਰਕਾਰ ਲਈ ਉਹੀ ਮੁੱਦੇ ਸਾਹਮਣੇ ਖੜ੍ਹੇ ਹਨ ।ਸਕੂਲਾਂ 'ਚ ਹੋ ਰਹੀਆਂ ਸਾਰੀਆਂ ਐਕਟੀਵਿਟੀਜ਼ ਨੂੰ ਮੁੜ ਵਿਚਾਰ ਕੇ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਦੀ ਪਹਿਲਕਦਮੀ ਦੀ ਸ਼ੁਰੂਆਤ ਕਰਨੀ ਚਾਹੀਦੀ ਹੈ ।

ਜਿਵੇਂ ਇਸ ਸਰਕਾਰ ਨੇ ਸਿਹਤ ਅਤੇ ਸਿੱਖਿਆ ਦੇ ਸੁਧਾਰ ਨੂੰ ਪਹਿਲ ਦੇ ਆਧਾਰ ਤੇ ਵੱਡੇ ਸੁਧਾਰ ਕਰਕੇ ਭਾਰਤ 'ਚ ਨਮੂਨੇ ਦਾ ਰਾਜ ਬਣਾਉਣ ਦਾ ਅਹਿਦ ਲਿਆ ਹੈ ।ਅਧਿਆਪਕਾਂ ਨੂੰ ਬਾਹਰਲੇ ਦੇਸ਼ਾਂ ਦੇ ਦੌਰੇ ਕਰਾਉਣ ਨਾਲ ਕੁਝ ਨਹੀਂ ਸੰਵਰੇਗਾ ਜੇ ਕਰ ਸਰਕਾਰ ਸਕੂਲਾਂ ਵਿੱਚ ਖਾਲੀ ਆਸਾਮੀਆਂ ਭਰਨ ਲਈ ਪਹਿਲ ਕਦਮੀ ਨਹੀਂ ਕਰਦੀ । ਸੋ ਸਾਰੇ ਸਕੂਲਾਂ ਦੀ ਸਾਂਭ ਸੰਭਾਲ ਅਤੇ ਠੀਕ ਢੰਗ ਨਾਲ ਸਕੂਲ ਚਲਾਉਣ ਲਈ ਚੌਥਾ-ਦਰਜਾ ਕਰਮਚਾਰੀਆਂ , ਸਕੂਲ ਮੁੱਖੀਆਂ ਅਤੇ ਅਧਿਆਪਕਾਂ ਦੀਆਂ ਹਜ਼ਾਰਾਂ ਖਾਲੀ ਪਈਆਂ ਪੋਸਟਾਂ ਤੁਰੰਤ ਭਰ ਕੇ ਸਿੱਖਿਆ ਦਾ ਮਿਆਰ ਉੱਚਾ ਚੁੱਕ ਕੇ ਨਵਾਂ ਬਦਲਾਅ ਲੋਕਾਂ ਸਾਹਮਣੇ ਪੇਸ਼ ਕਰੇ ਤਾਂ ਹੀ ਸਕੂਲਾਂ ਤੇ ਲੱਖਾਂ ਰੁਪਏ ਦੀਆਂ ਲਗਾਈਆਂ ਗ੍ਰਾਂਟਾਂ ਦੀ ਕੀਤੀ ਵਰਤੋਂ ਨਾਲ ਕੀਤੇ ਕੰਮਾਂ ਨੂੰ ਠੀਕ ਢੰਗ ਨਾਲ ਬਰਕਰਾਰ ਰੱਖਿਆ ਜਾ ਸਕੇਗਾ ਅਤੇ ਅਧਿਆਪਕਾਂ ਦਾ ਮਨ ਵੀ ਇਕਾਗਰਚਿੱਤ ਹੋ ਕੇ ਬੱਚਿਆਂ ਨੂੰ ਪੜ੍ਹਾਉਣ ਲਈ ਬੇਹਤਰ ਯਤਨ ਕਰੇਗਾ ।ਸਰਕਾਰ ਦਾ ਸਮਾਂ ਹੁਣ ਸਾਲ ਵਾਂਗ ਹੀ ਹੈ ਸੋ ਸਕੂਲਾਂ ਦੇ ਸੁਧਾਰ ਲਈ ਭਰਤੀ ਦੇ ਕੰਮ ਨੂੰ ਪਹਿਲ ਦੇ ਆਧਾਰ ਤੇ ਤੁਰੰਤ ਆਰੰਭਣਾ ਚਾਹੀਦਾ ਹੈ ਤਾਂ ਹੀ ਸਰਕਾਰ ਦਾ ਵਾਅਦਾ ਪੂਰਾ ਹੋਵੇਗਾ ।

# ਅੱਤਵਾਦ ਵਿਰੁੱਧ ਏਕਤਾ ਸਭ ਤੋਂ ਵਧੀਆ ਹਥਿਆਰਾਂ ਵਿੱਚੋਂ ਇੱਕ ਹੈ




ਐਤਵਾਰ ਨੂੰ, ਆਸਟ ?ਰੇਲੀਆ ਦੇ ਸਿਡਨੀ ਵਿੱਚ ਬੌਂਡੀ ਬੀਚ 'ਤੇ ਹਫੜਾ-ਦਫੜੀ ਮਚ ਗਈ, ਜਦੋਂ ਦੋ ਬੰਦੂਕਧਾਰੀਆਂ ਨੇ ਯਹੂਦੀ ਹਨੂਕਾ ਤਿਉਹਾਰ ਮਨਾ ਰਹੀ ਭੀੜ 'ਤੇ ਅੰਨ੍ਹੇਵਾਹ ਗੋਲੀਆਂ ਚਲਾਈਆਂ। ਇਸ ਘਟਨਾ ਵਿੱਚ, 10 ਸਾਲ ਦੀ ਇੱਕ ਕੁੜੀ ਸਮੇਤ 16 ਵਿਅਕਤੀਆਂ ਦੀ ਜਾਨ ਚਲੀ ਗਈ ਅਤੇ ਘੱਟੋ-ਘੱਟ 42 ਹੋਰ ਜ਼ਖਮੀ ਹੋ ਗਏ।

ਇੱਕ ਦਿਨ ਪਹਿਲਾਂ, ਸ਼ਨੀਵਾਰ ਦੁਪਹਿਰ ਨੂੰ ਅਮਰੀਕਾ ਦੇ ਰੋਡ ਆਈਲੈਂਡ ਵਿੱਚ ਸਥਿਤ ਵੱਕਾਰੀ ਬ੍ਰਾਊਨ ਯੂਨੀਵਰਸਿਟੀ ਵਿੱਚ ਇੱਕ ਦਿਲ ਦਹਿਲਾ ਦੇਣ ਵਾਲੀ ਘਟਨਾ ਵਾਪਰੀ। ਅੰਤਿਮ ਪ੍ਰੀਖਿਆਵਾਂ ਦੌਰਾਨ, ਕਾਲੇ ਕੱਪੜੇ ਪਹਿਨੇ ਇੱਕ ਵਿਅਕਤੀ ਨੇ ਇੰਜੀਨੀਅਰਿੰਗ ਇਮਾਰਤ ਵਿੱਚ ਅੰਨ੍ਹੇਵਾਹ ਗੋਲੀਆਂ ਚਲਾਈਆਂ। ਹਮਲੇ ਵਿੱਚ ਦੋ ਲੋਕ ਮਾਰੇ ਗਏ ਅਤੇ ਅੱਠ ਹੋਰ ਗੰਭੀਰ ਜ਼ਖਮੀ ਹੋ ਗਏ।

ਸ਼ਨੀਵਾਰ, 13 ਦਸੰਬਰ, 2025 ਨੂੰ ਮੱਧ ਸੀਰੀਆ ਵਿੱਚ ਇੱਕ ਇਕੱਲੇ ਬੰਦੂਕਧਾਰੀ ਦੁਆਰਾ ਕੀਤੇ ਗਏ ਹਮਲੇ ਵਿੱਚ ਦੋ ਅਮਰੀਕੀ ਸੈਨਿਕ ਅਤੇ ਇੱਕ ਅਮਰੀਕੀ ਨਾਗਰਿਕ ਦੀ ਗੋਲੀਆਂ ਮਾਰ ਕੇ ਹੱ ?ਤਿਆਂ ਕੀਤੀ ਗਈ।

ਪਾਲਮੀਰਾ ਸ਼ਹਿਰ ਵਿੱਚ ਹੋਏ ਇਸ ਹਮਲੇ ਵਿੱਚ ਤਿੰਨ ਹੋਰ ਅਮਰੀਕੀ ਸੇਵਾ ਮੈਂਬਰ ਅਤੇ ਦੋ ਸੀਰੀਆਈ ਸੇਵਾ ਕਰਮਚਾਰੀ ਵੀ ਜ਼ਖਮੀ ਹੋ ਗਏ। ਯੂਐਸ ਸੈਂਟਰਲ ਕਮਾਂਡ (ਸੈਂਟਕਾਮ) ਨੇ ਇਸ ਹਮਲੇ ਦਾ ਕਾਰਨ ਇੱਕ ÷ਇਕੱਲੇ ਆਈਐਸਆਈਐਸ ਬੰਦੂਕਧਾਰੀ÷ ਫੌਜੀ ਜਵਾਨਾਂ ÷ਲੜਿਆ ਅਤੇ ਮਾਰਿਆ ਗਿਆ÷। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸਨੂੰ ÷ਅਮਰੀਕਾ ਅਤੇ ਸੀਰੀਆ ਦੇ ਵਿਰੁੱਧ ਆਈਐਸਆਈਐਸ ਹਮਲਾ÷ ਦੱਸਿਆ ਅਤੇ ÷ਬਹੁਤ ਗੰਭੀਰ ਬਦਲਾ ਲੈਣ÷ ਦੀ ਸਹੁੰ ਖਾਧੀ। ਇਹਨਾਂ ਹਮਲਿਆਂ ਨੇ ਆਜ਼ਾਦ ਦੁਨੀਆ ਨੂੰ ਸੰਕੇਤ ਦਿੱਤਾ ਕਿ ਆਈਐਸਆਈਐਸ ਅਜੇ ਵੀ ਦੁਨੀਆ ਭਰ ਵਿੱਚ ਮਾਸੂਮ ਨਾਗਰਿਕਾਂ ਦੀ ਸ਼ਾਂਤੀ ਅਤੇ ਸੁਰੱਖਿਆ ਲਈ ਇੱਕ ਮਹੱਤਵਪੂਰਨ ਖ਼ਤਰਾ ਹੈ। ਇਹਨਾਂ ਹਾਲੀਆ ਹਮਲਿਆਂ ਦੇ ਮੱਦੇਨਜ਼ਰ, ਜੋ ਕਿ ਦੁਨੀਆ ਲਈ ਇੱਕ ਵੱਡਾ ਖ਼ਤਰਾ ਹਨ ਅਤੇ ਬਹੁਤ ਸਾਰੇ ਲੋਕਾਂ ਨੂੰ ਜੀਵਨ ਭਰ ਦੀ ਪੀੜਾ ਅਤੇ ਬਦਸੂਰਤਤਾ ਦੀ ਇਕ ਤਸਵੀਰ ਹੈ।

ਇੱਕ ਪ੍ਰਵਾਸੀ ਹੋਣ ਦੇ ਨਾਤੇ, ਮੇਰਾ ਦਿਲ ਯਹੂਦੀ ਭਾਈਚਾਰੇ ਅਤੇ ਇਹਨਾਂ ਹਮਲਿਆਂ ਵਿੱਚ ਮਾਰੇ ਗਏ ਮਾਸੂਮ ਲੋਕਾਂ ਦੇ ਪਰਿਵਾਰਾਂ ਪ੍ਰਤੀ ਹੈ, ਜੋ ਇਸ ਚੱਲ ਰਹੇ ਅੱਤਵਾਦ ਦੇ ਪ੍ਰਭਾਵਾਂ ਨੂੰ ਯਕੀਨੀ ਤੌਰ 'ਤੇ ਸ਼ੱਕ ਦੇ ਸ਼ਿਕਾਰ ਅਤੇ ਸਭ ਤੋਂ ਮਾੜੇ ਸਮੇਂ ਵਿੱਚ, ਸਿੱਧੇ ਨਸਲਵਾਦ ਦੇ ਸ਼ਿਕਾਰ ਵਜੋਂ ਮਹਿਸੂਸ ਕਰਨਗੇ। ਮੇਰਾ ਮੰਨਣਾ ਹੈ ਕਿ ਯਹੂਦੀ ਭਾਈਚਾਰੇ ਦੀ ਵੱਡੀ ਬਹੁਗਿਣਤੀ ਸ਼ਾਂਤੀਪੂਰਨ ਅਤੇ ਕਾਨੂੰਨ ਦੀ ਪਾਲਣਾ ਕਰਨ ਵਾਲੇ ਲੋਕ ਹਨ, ਜਿਵੇਂ ਕਿ ਮੇਰਾ ਮੰਨਣਾ ਹੈ ਕਿ ਇਹਨਾਂ ਅੱਤਵਾਦੀ ਹਮਲਿਆਂ ਦੇ ਇਰਾਦੇ ਵਾਲੇ ਨਤੀਜਿਆਂ ਵਿੱਚੋਂ ਇੱਕ ਯਹੂਦੀ ਵਿਰੋਧੀ ਪ੍ਰਤੀਕ੍ਰਿਆਵਾਂ ਲਈ ਇੱਕ ਉਤਪ੍ਰੇਰਕ ਹੋਣਾ ਹੈ ਜੋ ਭਾਈਚਾਰਿਆਂ ਨੂੰ ਵੰਡਣ ਲਈ ਕੰਮ ਕਰਦਾ ਹੈ। ਮੇਰਾ ਪੂਰਾ ਵਿਸ਼ਵਾਸ ਹੈ ਕਿ ਦੁਨੀਆ ਭਰ ਵਿੱਚ ਕੱਟੜਪੰਥੀ ਨਾਲ ਲੜਨ ਦਾ ਸਭ ਤੋਂ ਵਧੀਆ ਹਥਿਆਰ ਸਾਡੇ ਯਹੂਦੀ ਨਾਗਰਿਕਾਂ ਵਿਰੁੱਧ ਨਸਲਵਾਦ ਨਾਲ ਲੜਨਾ ਹੈ, ਨਸਲਵਾਦ ਜੋ ਇਸ ਭਾਈਚਾਰੇ ਨੂੰ ਅਲੱਗ-ਥਲੱਗ ਕਰ ਸਕਦਾ ਹੈ ਅਤੇ ਅਸੰਤੁਸ਼ਟ ਨੌਜਵਾਨਾਂ ਦਾ ਇੱਕ ਸਮੂਹ ਪੈਦਾ ਕਰ ਸਕਦਾ ਹੈ ਜੋ ਨਤੀਜੇ ਵਜੋਂ, ਵਿਸ਼ਵਾਸ ਦੇ ਹੋਰ ਕੱਟੜਪੰਥੀ ਤੱਤਾਂ ਵੱਲ ਦੇਖ ਸਕਦੇ ਹਨ।

ਇਸ ਤੋਂ ਇਲਾਵਾ, ਯਹੂਦੀ ਭਾਈਚਾਰੇ ਨੂੰ ਘਰੇਲੂ ਅੱਤਵਾਦ ਦੇ ਹੱਲ ਦੇ ਇੱਕ ਅਨਿੱਖੜਵੇਂ ਹਿੱਸੇ ਵਜੋਂ, ਜਾਂ ਅਸਲ ਵਿੱਚ ਅਮਰੀਕਾ, ਕੈਨੇਡਾ, ਅਤੇ ਦੁਨੀਆ ਭਰ ਵਿੱਚ, ਜਾਂ ਕਿਤੇ ਵੀ ਜਿੱਥੇ ਅੱਤਵਾਦ ਹਮਲਾ ਕਰ ਸਕਦਾ ਹੈ, ਸਾਨੂੰ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨਾਲ ਨੇੜਿਉ ਕੰਮ ਕਰਨ ਦੀ ਜ਼ਰੂਰਤ ਹੈ।

1858 ਦੇ ਭਾਸ਼ਣ ਵਿੱਚ ਜਿਸਨੇ ਆਪਣੇ ਰਾਜਨੀਤਿਕ ਕਰੀਅਰ ਦੀ ਸ਼ੁਰੂਆਤ ਕੀਤੀ, ਅਬ੍ਰਾਹਮ ਲੰ ?ਕਨ ਨੇ ਮਸ਼ਹੂਰ ਤੌਰ 'ਤੇ ਕਿਹਾ ਸੀ, ÷ਇੱਕ ਘਰ ਜੋ ਆਪਣੇ ਵਿਰੁੱਧ ਵੰਡਿਆ ਹੋਇਆ ਹੈ, ਖੜ੍ਹਾ ਨਹੀਂ ਹੋ ਸਕਦਾ।÷ ਇਸੇ ਲਾਈਨ ਦੇ ਨਾਲ, ਮੇਰਾ ਮੰਨਣਾ ਹੈ ਕਿ ਇੱਕ ਦੇਸ਼ ਦੇ ਲੋਕ ਜੋ ਇੱਕ ਦੂਜੇ ਦੇ ਵਿਰੁੱਧ ਵੰਡੇ ਹੋਏ ਹਨ, ਕਦੇ ਵੀ ਸ਼ਾਂਤੀਪੂਰਵਕ ਜਾਂ ਖੁਸ਼ਹਾਲ ਢੰਗ ਨਾਲ ਨਹੀਂ ਰਹਿ ਸਕਦੇ, ਅਤੇ ਨਸਲਵਾਦ ਇੱਕ ਅਜਿਹੀ ਚੀਜ਼ ਹੈ ਜੋ ਮੇਰਾ ਮੰਨਣਾ ਹੈ ਕਿ ਸਾਨੂੰ ਇੱਕ ਦੂਜੇ ਤੋਂ ਵੰਡ ਕੇ ਸਾਡੀ ਸ਼ਾਂਤੀ ਲਈ ਸਭ ਤੋਂ ਵੱਡਾ ਖ਼ਤਰਾ ਪ੍ਰਦਾਨ ਕਰਦੀ ਹੈ।

ੱਜ ਤੱਕ, ਆਈਐਸਆਈਐਸ ਦੇ ਨਾਮ 'ਤੇ

ਨਿਊਯਾਰਕ ਪ੍ਰੀਤਨਾਮਾ ਖਰਾ ਸੱਚ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ
ਸੁਰਜੀਤ ਸਿੰਘ ਫਲੋਰਾ
647-829-9397

ਬਰਬਰਤਾ ਦੇ ਵੱਡੇ ਅਤੇ ਪ੍ਰਭਾਵਸ਼ਾਲੀ ਕੰਮ ਸੰਯੁਕਤ ਰਾਜ ਅਮਰੀਕਾ ਅਤੇ ਦੁਨੀਆ ਭਰ ਵਿੱਚ, ਯੂਰਪ ਦੇ ਪੁਰਾਣੇ ਸੰਸਾਰ ਦੇ ਦੇਸ਼ਾਂ ਵਿੱਚ, ਅਤੇ ਵਿਦੇਸ਼ਾਂ ਵਿੱਚ ਪੱਛਮੀ ਅਤੇ ਅਮਰੀਕੀ ਨਿਸ਼ਾਨਿਆਂ ਦੇ ਵਿਰੁੱਧ ਹੋਏ ਹਨ। ਪਹਿਲਾਂ, ਟਰੱਕ ਅਤੇ ਕਾਰਾਂ ਜੋ ਲੋਕਾਂ 'ਤੇ ਹਮਲਾ ਕਰਦੀਆਂ ਹਨ, ਉਹ ਮਾਸੂਮ ਨਾਗਰਿਕਾਂ ਦੇ ਰੋਜ਼ਾਨਾ ਜੀਵਨ ਵਿਰੁੱਧ ਨਵੇਂ ਹਥਿਆਰ ਬਣ ਗਏ ਸਨ। ਦਹਿਸ਼ਤ ਯਾਤਰੀਆਂ ਨਾਲ ਭਰੇ ਜਨਤਕ ਆਵਾਜਾਈ ਪ੍ਰਣਾਲੀਆਂ 'ਤੇ ਧਮਾਕਿਆਂ ਅਤੇ ਅੱਗ ਲੱਗਣ ਨਾਲ ਆਉਂਦੀ ਹੈ।

ਇੰਗਲੈਂਡ ਵਿਚ 7 ਜੁਲਾਈ 2005 (7/7 ਬੰਬ ਧਮਾਕੇ): ਨੈੱਟਵਰਕ 'ਤੇ ਸਭ ਤੋਂ ਘਾਤਕ ਹਮਲਾ ਜਿਸ ਵਿਚ ਚਾਰ ਆਤਮਘਾਤੀ ਹਮਲਾਵਰਾਂ ਨੇ ਤਿੰਨ ਰੇਲਗੱਡੀਆਂ (ਐਲਡਗੇਟ, ਐਡਗਵੇਅਰ ਰੋਡ ਅਤੇ ਰਸਲ ਸਕੁਏਅਰ ਦੇ ਨੇੜੇ) ਅਤੇ ਇੱਕ ਡਬਲ-ਡੈਕਰ ਬੱਸ 'ਤੇ ਧਮਾਕੇ ਕੀਤੇ, ਜਿਸ ਵਿੱਚ 52 ਲੋਕ ਮਾਰੇ ਗਏ ਅਤੇ 700 ਤੋਂ ਵੱਧ ਜ਼ਖਮੀ ਹੋ ਗਏ।

ਫਿਰ15 ਸਤੰਬਰ 2017 (ਪਾਰਸਨਜ਼ ਗ੍ਰੀਨ): ਪਾਰਸਨਜ਼ ਗ੍ਰੀਨ ਸਟੇਸ਼ਨ 'ਤੇ ਇੱਕ ਜ਼ਿਲ੍ਹਾ ਲਾਈਨ ਰੇਲਗੱਡੀ 'ਤੇ ਇੱਕ ÷ਬੰਬ÷ ਫਟ ਗਿਆ। ਜਦੋਂ ਕਿ ਕੋਈ ਜਾਨੀ ਨੁਕਸਾਨ ਨਹੀਂ ਹੋਇਆ, 30 ਲੋਕਾਂ ਨੂੰ ਸਾੜਨ ਅਤੇ ਕੁਚਲਣ ਦੀਆਂ ਸੱਟਾਂ ਲਈ ਇਲਾਜ ਕੀਤਾ ਗਿਆ। ਜਿਸ ਦੇ ਦੋਸ਼ੀ, ਅਹਿਮਦ ਹਸਨ, ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ।

ਇਸ ਬੇਤੁਕੀ ਹਿੰਸਾ ਦੇ ਮੱਦੇਨਜ਼ਰ, ਸਾਨੂੰ ਆਪਣੇ ਭਾਈਚਾਰਿਆਂ ਨੂੰ ਇਕਜੁੱਟ ਕਰਨ ਵਾਲੇ ਬੰਧਨਾਂ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ, ਜੋ ਕਿ ਅੱਤਵਾਦ ਅਤੇ ਹਿੰਸਕ ਕੱਟੜਵਾਦ ਦਾ ਮੁਕਾਬਲਾ ਕਰਨ ਲਈ ਰਾਸ਼ਟਰੀ ਰਣਨੀਤੀਆਂ ਦਾ ਇੱਕ ਮੁੱਖ ਸਿਧਾਂਤ ਹੈ।

ਨਵੀ ਟੈਕਲੌਲੀ ਹੇਠ ਇੱਕ ਅਜਿਹੇ ਦੇਸ਼ ਵਿੱਚ ਜਿੱਥੇ ਹਿੰਸਕ ਕੱਟੜਪੰਥੀਆਂ ਨੂੰ ਔਨਲਾਈਨ ਪਲੇਟਫਾਰਮਾਂ ਰਾਹੀਂ ਅਤੇ ਇਕੱਲਿਆਂ ਕੱਟੜਪੰਥੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿੱਥੇ ਜਨਤਕ ਹਸਤੀਆਂ ਨੂੰ ਅਕਸਰ ਧਮਕੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿੱਥੇ ਜਨਤਾ ਆਪਣੇ ਅਖੌਤੀ ÷ਦੁਸ਼ਮਣਾਂ÷ ਦੀਆਂ ਲਪੇਟਾਂ ਵਿਚ ਆ ਰਹੇ ਹਨ, ਅਤੇ ਜਿੱਥੇ ਰਵਾਇਤੀ ਵਿਚਾਰਧਾਰਕ ਸੀਮਾਵਾਂ ਤੋਂ ਪਰੇ ਅਤਿਵਾਦ ਦੇ ਨਵੇਂ ਰੂਪ ਉੱਭਰਦੇ ਆ ਰਹੇ ਹਨ, ਅੱਤਵਾਦ ਵਿਰੁੱਧ ਲੜਾਈ ਅੱਜ 9/11 ਤੋਂ ਪਹਿਲਾਂ ਦੇ ਯੁੱਗ ਦੇ ਮੁਕਾਬਲੇ ਕਾਫ਼ੀ ਬਦਲੀ ਹੋਈ ਜਾਪਦੀ ਹੈ।

ਅੱਜ ਦਾ ਦੁਸ਼ਮਣ ਔਨਲਾਈਨ ਆਧੁਨਿਕ ਸੱਭਿਆਚਾਰ ਨਾਲ ਜੁੜਿਆ ਹੋਇਆ ਹੈ, ਭਾਵੇਂ ਇਸਨੂੰ ਸਵੀਕਾਰ ਕਰਨਾ ਅਸੁਵਿਧਾਜਨਕ ਹੋਵੇ। ਰਾਜਨੀਤੀ ਦੀ ਪਰਵਾਹ ਕੀਤੇ ਬਿਨਾਂ, ਸਾਰੇ ਲੋਕਾਂ ਨੂੰ ਹਿੰਸਾ ਦੀ ਅਸਲ ਕੀਮਤ ਨੂੰ ਸਵੀਕਾਰ ਕਰਨਾ ਚਾਹੀਦਾ ਹੈ, ਇੱਕ ਦੂਜੇ ਦੇ ਵਿਰੁੱਧ ਇਸਦੀ ਵਰਤੋਂ ਨੂੰ ਰੱਦ ਕਰਨਾ ਚਾਹੀਦਾ ਹੈ, ਅਤੇ ਉਦਾਸੀ, ਸੋਚ ਅਤੇ ਸੋਗ ਵਿੱਚ ਇੱਕਜੁੱਟ ਹੋਣਾ ਚਾਹੀਦਾ ਹੈ।

ਯਹੂਦੀ ਆਦਰਸ਼ ਜ਼ਿਆਦਾਤਰ ਚੰਗੇ ਅਤੇ ਵਿਨੀਤ ਹੁੰਦੇ ਹਨ। ਉਹ ਅਵਿਸ਼ਵਾਸ਼ਯੋਗ ਆਦਰਸ਼ਵਾਦੀ, ਹਮਦਰਦ ਅਤੇ ਬਹਾਦਰ ਹੁੰਦੇ ਹਨ। ਕਈ ਵਾਰ ਸਾਨੂੰ ਇੱਕ ਦੂਜੇ ਨੂੰ ਛੋਟੇ ਮੁੱਦਿਆਂ ਤੋਂ ਪਰੇ ਦੇਖਣ ਅਤੇ ਵੱਡੀ ਤਸਵੀਰ 'ਤੇ ਧਿਆਨ ਕੇਂਦਰਿਤ ਕਰਨ ਲਈ ਉਤਸ਼ਾਹਿਤ ਕਰਨ ਦੀ ਜ਼ਰੂਰਤ ਹੁੰਦੀ ਹੈ।

ਪੂਰੀ ਤਰ੍ਹਾਂ ÷ਅੱਤਵਾਦ ਨੂੰ ਖਤਮ ਕਰਨ÷ ਦਾ ਕੋਈ ਤਰੀਕਾ ਨਹੀਂ ਹੈ। ਅਸੀਂ ਅੱਤਵਾਦੀ ਹਮਲਿਆਂ ਤੋਂ ਬਚਾਅ ਲਈ ਆਪਣੀ ਪੂਰੀ ਕੋਸ਼ਿਸ਼ ਕਰ ਸਕਦੇ ਹਾਂ।

ਮਾਨਵਤਾਵਾਦੀਆਂ ਅਤੇ ਸ਼ਾਂਤੀਵਾਦੀਆਂ ਦਾ ਇਹ ਡੂੰਘਾ ਵਿਸ਼ਵਾਸ ਹੈ ਕਿ ਜੇਕਰ ਅਸੀਂ ਇੱਕ ਅਜਿਹੇ ਬਿੰਦੂ 'ਤੇ ਪਹੁੰਚ ਸਕਦੇ ਹਾਂ ਜਿੱਥੇ ਹਰ ਕਿਸੇ ਦੀਆਂ ਜ਼ਰੂਰਤਾਂ ਪੂਰੀਆਂ ਹੁੰਦੀਆਂ ਹਨ, ਤਾਂ ਰਵਾਇਤੀ ਅਤੇ ਅੱਤਵਾਦੀ ਦੋਵੇਂ ਯੁੱਧ ਖਤਮ ਹੋ ਸਕਦੇ ਹਨ। ਮੈਨੂੰ ਇਸ 'ਤੇ ਸ਼ੱਕ ਹੈ ਕਿਉਂਕਿ ਹਮੇਸ਼ਾ ਲੋਕਾਂ ਦਾ ਇੱਕ ਸਮੂਹ ਹੋਵੇਗਾ ਜੋ ਹਮੇਸ਼ਾ ਹੋਰ ਸ਼ਕਤੀ, ਵਧੇਰੇ ਦੌਲਤ, ਵਧੇਰੇ ਖੇਤਰ, ਅਤੇ ਹਰ ਚੀਜ਼ ਤੋਂ ਵੱਧ ਚਾਹੁੰਦੇ ਹੋਣਗੇ ਅਤੇ ਹਿੰਸਾ ਦੁਆਰਾ ਦੂਜਿਆਂ ਤੋਂ ਭਾਰੀ ਪੈਣਗੇ। ਸੱਚ ਤਾਂ ਇਹ ਹੈ ਕਿ ਜੋ ਲੋਕ ਜੰਗ ਵਿੱਚ ਸ਼ਾਮਲ ਹੁੰਦੇ ਹਨ, ਭਾਵੇਂ ਰਵਾਇਤੀ ਸਾਧਨਾਂ ਰਾਹੀਂ ਹੋਵੇ ਜਾਂ ਅੱਤਵਾਦ ਰਾਹੀਂ, ਜਾਂ ਦੋਵਾਂ ਰਣਨੀਤੀਆਂ ਦੇ ਸੁਮੇਲ ਨੂੰ ਵਰਤ ਕੇ, ਉਹ ਹਮੇਸ਼ਾ ਸਾਡੀ ਅਸਲੀਅਤ ਦਾ ਹਿੱਸਾ ਬਣੇ ਰਹਿਣਗੇ।

# ਕੀ ਮੁਸੀਬਤ ਦੀ ਜੜ੍ਹ ਸੰਚਾਰ ਸਾਥੀ ਐਪ ?

## ☛ ਕੀ ਸੱਚਮੁੱਚ ਸੁਰੱਖਿਅਤ ਨਹੀਂ ਸੰਚਾਰ ਸਾਥੀ ਐਪ ?

## ☛ ਡਾਟਾ ਤਾਂ ਪਹਿਲਾਂ ਚੋਰੀ ! ਸੁਰੱਖਿਆ ਹੈ ਕਿੱਥੇ ?

ਪਿਛਲੇ ਕੁੱਝ ਦਿਨਾਂ ਤੋਂ ਦੇਸ਼ ਭਰ ਦੇ ਅੰਦਰ ਸੰਚਾਰ ਸਾਥੀ ਮੋਬਾਈਲ ਐਪ ਦਾ ਬਹੁਤ ਜ਼ਿਆਦਾ ਰੌਲਾ ਪਿਆ ਹੋਇਆ ਹੈ। ਕੇਂਦਰ ਸਰਕਾਰ ਨੇ ਇਹ ਐਪ ਇਸੇ ਕਰਕੇ ਲਿਆਂਦੀ ਤਾਂ ਜੋ ਲੋਕਾਂ ਦੀ ਸੁਰੱਖਿਆ ਹੋ ਸਕੇ ਅਤੇ ਉਨ੍ਹਾਂ ਦੇ ਮੋਬਾਈਲ ਵਿੱਚ ਇਸ ਐਪ ਨੂੰ ਇੰਸਟਾਲ ਕਰਕੇ ਲੋਕਾਂ ਨੂੰ ਧੋਖਾਧੜੀ ਤੋਂ ਬਚਾਇਆ ਜਾ ਸਕੇ।




ਬੇਸ਼ੱਕ ਸਰਕਾਰੀ ਦਾਅਵੇ ਦੇ ਮੁਤਾਬਿਕ, ਇਹ ਐਪ ਕਾਫ਼ੀ ਜ਼ਿਆਦਾ ਸੁਰੱਖਿਆ ਪ੍ਰਦਾਨ ਕਰਦੀ ਹੈ ਅਤੇ ਇਸ ਐਪ ਦੇ ਇੰਸਟਾਲ ਹੋਣ ਦੇ ਨਾਲ ਲੋਕ ਸਾਈਬਰ ਠੱਗੀ ਤੋਂ ਬਚ ਸਕਣਗੇ। ਪਰ ਸਵਾਲ ਇਹ ਹੈ ਕਿ ਸਰਕਾਰ ਨਵੇਂ ਸਿਰ ਤੋਂ ਇਹ ਐਪ ਇੰਸਟਾਲ ਕਰਵਾਉਣ ਲਈ ਆਖ਼ਰ ਕਹਿ ਕਿਉਂ ਰਹੀ ਹੈ ? ਕਿਉਂ ਨਹੀਂ ਅਜਿਹਾ ਕੋਈ ਸਖ਼ਤ ਕਾਨੂੰਨ ਬਣਾ ਦਿੱਤਾ ਜਾਂਦਾ, ਜਿਸ ਦੇ ਨਾਲ ਠੱਗੀ ਮਾਰਨ ਵਾਲੇ ਫੜੇ ਵੀ ਜਾਣ ਅਤੇ ਉਹ ਠੱਗੀ ਮਾਰ ਵੀ ਨਾ ਸਕਣ। ਜ਼ਿਆਦਾਤਰ ਠੱਗੀਆਂ ਮੋਬਾਈਲ ਫੋਨਾਂ ਦੇ ਜਰੀਏ ਹੀ ਵੱਜਦੀਆਂ ਨੇ। ਸਾਈਬਰ ਠੱਗਾਂ ਦੁਆਰਾ ਨਵੇਂ-ਨਵੇਂ ਤਰੀਕਿਆਂ ਦੇ ਨਾਲ ਲੋਕਾਂ ਦੇ ਨਾਲ ਧੋਖਾਧੜੀ ਕੀਤੀ ਜਾ ਰਹੀ ਹੈ। ਡਿਜੀਟਲ ਅਰੈਸਟ ਤੋਂ ਲੈ ਕੇ ਈ-ਮੇਲ ਧੋਖਾਧੜੀ ਤੱਕ ਪਹਿਲਾਂ ਅਸੀਂ ਸੁਣਿਆ ਕਰਦੇ ਸੀ, ਪਰ ਇਸ ਵੇਲੇ ਮੋਬਾਈਲ ’ਤੇ ਓਟੀਪੀ ਆਉਣ ਤੋਂ ਬਗੈਰ ਹੀ ਲੋਕਾਂ ਦੇ ਬੈਂਕ ਖਾਤੇ ਖ਼ਾਲੀ ਹੋ ਰਹੇ ਨੇ। ਪਤਾ ਨਹੀਂ, ਤਾਂ ਹੀ ਸਰਕਾਰ ਨੇ ਇਹ ਸੋਚ ਕੇ ਸੰਚਾਰ ਸਾਥੀ ਐਪ ਇੰਸਟਾਲ ਕਰਨ ਲਈ ਲੋਕਾਂ ਨੂੰ ਆਖਿਆ, ਪਰ ਇਸ ਐਪ ਦੇ ਇੰਸਟਾਲ ਹੋਣ ਤੋਂ ਪਹਿਲਾਂ ਹੀ ਰੌਲਾ ਇੰਨਾ ਜ਼ਿਆਦਾ ਪੈ ਗਿਆ ਕਿ ਸਰਕਾਰ ਨੂੰ ਆਪਣਾ ਫ਼ੈਸਲਾ ਵਾਪਸ ਲੈਣਾ ਪਿਆ।

ਓਦਾਂ ਸੰਚਾਰ ਸਾਥੀ ਦੀ ਅਧਿਕਾਰਿਤ ਵੈੱਬਸਾਈਟ ਉੱਤੇ ਜਾਣ ਲਈ ਸਿਰਫ਼ ਈ-ਮੇਲ ਰਾਹੀਂ ਹੀ ਲੋਗਇਨ ਕਰਨਾ ਪੈਂਦਾ, ਕੋਈ ਬਹੁਤਾ ਲੰਮਾ ਚੌੜਾ ਚੱਕਰ ਨਹੀਂ ਹੈ। ਇਸ ਵੈੱਬਸਾਈਟ ਉੱਤੇ ਬੇਸ਼ੱਕ ਸਾਨੂੰ ਸਭ ਕੁੱਝ ਜਾਣਕਾਰੀ ਮਿਲ ਜਾਂਦੀ ਹੈ। ਪਰ ਕੁੱਝ ਅਜਿਹੀਆਂ ਗੱਲਾਂ ਵੀ ਮਿਸ ਹੋ ਜਾਂਦੀਆਂ ਨੇ, ਜਿਸ ਕਾਰਨ ਲੋਕਾਂ ਦੇ ਨਾਲ ਦਿਨ ਦਿਹਾੜੇ ਕਰੋੜਾਂ ਰੁਪਏ ਦੀ ਠੱਗੀ ਵੱਜ ਜਾਂਦੀ ਹੈ।

ਵੈਸੇ, ਜਿੰਨਾ ਰੌਲਾ ਵਿਰੋਧੀ ਧਿਰ ਨੇ ਇਸ ਵਾਰ ਸੈਸ਼ਨ ਦੇ ਵਿੱਚ ’ਸੰਚਾਰ ਸਾਥੀ’ ਐਪ ਨੂੰ ਲੈ ਕੇ ਪਾਇਆ ਹੈ, ਇਸ ਤੋਂ ਪਹਿਲਾਂ ਇੰਨਾ ਰੌਲਾ ਕਦੇ ਵੀ ਕਿਸੇ ਐਪ ਨੂੰ ਲੈ ਕੇ ਨਹੀਂ ਪਿਆ ਹੋਣਾ। ਖ਼ੈਰ, ਵਿਰੋਧੀ ਧਿਰਾਂ ਵੀ ਸੱਚੀਆਂ ਨੇ, ਅੱਜ ਹਰ ਕਿਸੇ ਦੇ ਹੱਥ ਵਿੱਚ ਦੋ-ਦੋ ਮੋਬਾਈਲ ਨੇ, ਹਰ ਕੋਈ ਚਾਹੁੰਦਾ ਕਿ ਮੈਂ ਸੁਰੱਖਿਅਤ ਰਵਾਂ, ਮੇਰੀ ਗੱਲ ਸਰਕਾਰ ਜਾਂ ਫਿਰ ਸਾਈਬਰ ਸੁਰੱਖਿਆ ਤੱਕ ਨਾ ਹੀ ਪੁੱਜੇ, ਤਾਂ ਚੰਗਾ ਹੈ। ਪਰ ਕੀ ਤੁਸੀਂ ਜਾਣਦੇ ਹੋ ਕਿ ਤੁਹਾਡਾ ਸਾਰਾ ਡਾਟਾ ਅਤੇ ਏ-ਟੂ-ਜ਼ੈਡ ਜਾਣਕਾਰੀ, ਸਾਰੀ ਦੀ ਸਾਰੀ ਪਹਿਲਾ ਹੀ ਸਰਕਾਰ ਦੇ ਕੋਲ ਮੌਜੂਦ ਹੈ।

ਦਰਅਸਲ, ਜਦੋਂ ਆਧਾਰ ਕਾਰਡ ਬਣਨੇ ਸ਼ੁਰੂ ਹੋਏ ਸੀ ਤਾਂ ਉਸ ਵੇਲੇ ਵੀ ਸਰਕਾਰ ਨੇ ਲੋਕਾਂ ਦਾ ਮੋਟਾ ਜਿਹਾ ਡਾਟਾ ਇਕੱਠਾ ਕੀਤਾ ਸੀ। ਹੌਲੀ-ਹੌਲੀ ਆਧਾਰ ਕਾਰਡ ਰਾਹੀਂ ਠੱਗੀਆਂ ਦਾ ਸਿਲਸਿਲਾ ਵਧਿਆ ਤਾਂ, ਸਰਕਾਰ ਨੇ ਥੋੜ੍ਹੀ ਸਖ਼ਤੀ ਕੀਤੀ, ਥੋੜ੍ਹੀਆਂ ਤਬਦੀਲੀਆਂ ਕੀਤੀਆਂ ਅਤੇ ਆਧਾਰ ਕਾਰਡ ਬਣਾਉਣ ਦਾ ਰੂਲ ਵੀ ਸਖ਼ਤ ਬਣਾ ਦਿੱਤਾ। ਪੈਨ ਕਾਰਡ, ਆਧਾਰ ਕਾਰਡ ਦੇ ਨਾਲ ਲਿੰਕ ਕਰਨ ਦਾ ਵੀ ਕੁੱਝ ਮਹੀਨੇ ਪਹਿਲਾਂ ਫ਼ਰਮਾਨ ਜਾਰੀ ਹੋਇਆ ਸੀ ਅਤੇ ਕਈ ਸਿਆਸੀ ਧਿਰਾਂ ਨੇ ਤਾਂ ਆਧਾਰ ਕਾਰਡ ਨੂੰ ਵੋਟਰ ਕਾਰਡ ਦੇ ਨਾਲ ਲਿੰਕ ਕਰਨ ਦੀ ਵੀ ਮੰਗ ਕੀਤੀ ਸੀ ਕਿ ਇਸ ਨੂੰ ਜਲਦ ਤੋਂ ਜਲਦ ਲਿੰਕ ਕੀਤਾ ਜਾਵੇ ਤਾਂ, ਜੋ ਪਤਾ ਲੱਗ ਸਕੇ ਕਿ ਅਸਲੀ ਵੋਟਰ ਕਾਰਡ ਕਿਸ ਕੋਲ ਹੈ ਅਤੇ ਨਕਲੀ ਕਿਸ ਕੋਲ, ਪਰ ਇਹ ਮਾਮਲਾ ਵਿੱਚ ਵਿਚਾਲੇ ਹੀ ਰਹਿ ਗਿਆ। ਕਿਸੇ ਨੇ ਇਸ ’ਤੇ ਗ਼ੌਰ ਨਹੀਂ ਕਰਿਆ।

ਹੁਣ ਸਵਾਲ ਇਹ ਉੱਠਦਾ ਹੈ ਕਿ, ਸਾਡਾ ਡਾਟਾ ਜੇਕਰ ਪਹਿਲਾਂ ਹੀ ਸਰਕਾਰ ਜਾਂ ਫਿਰ ਸਾਈਬਰ ਸੁਰੱਖਿਆ ਦੇ ਕੋਲ ਹੈ ਤਾਂ ਫਿਰ ਸਰਕਾਰ ਇਹ ਸੰਚਾਰ ਸਾਥੀ ਐਪ ਸਾਡੇ ਕੋਲੋਂ ਆਪਣੇ ਮੋਬਾਈਲਾਂ ਵਿੱਚ ਡਾਊਨਲੋਡ ਕਿਉਂ ਕਰਵਾ ਰਹੀ ਹੈ ? ਵੈਸੇ ਹੋਣਾ ਤਾਂ ਇੰਝ ਚਾਹੀਦਾ ਹੈ ਕਿ, ਜਿਸ ਨੇ ਆਪਣੇ ਪੈਸੇ ਖ਼ਰਚ ਕਰਕੇ ਮੋਬਾਈਲ ਲਿਆਂਦਾ ਹੈ, ਉਹ ਆਪਣੀ ਮਰਜ਼ੀ ਦੇ ਨਾਲ ਕਿਸੇ ਐਪ ਨੂੰ ਇੰਸਟਾਲ ਕਰੇ ਜਾਂ ਫਿਰ ਨਾ ਕਰੇ, ਉਸ ਦੀ ਮਰਜ਼ੀ ਹੋਵੇ, ਪਰ ਇੱਥੇ ਤਾਂ ਸਰਕਾਰ ਆਪਣੀ ਮਰਜ਼ੀ ਚਲਾ ਰਹੀ ਹੈ। ਵਿਰੋਧੀ ਧਿਰਾਂ ਕਹਿੰਦੀਆਂ ਨੇ ਕਿ, ਇਹ ਤਾਂ ਸਿੱਧਾ-ਸਿੱਧਾ ਤਾਨਾਸ਼ਾਹੀ ਵਾਲਾ ਫ਼ਰਮਾਨ ਹੈ, ਪਰ ਪਿਛਲੇ ਦਿਨੀਂ ਸਰਕਾਰ ਨੇ ਆਪਣਾ ਇਹ ਫ਼ਰਮਾਨ ਵਾਪਸ ਲੈਂਦਿਆਂ ਕਹਿ ਦਿੱਤਾ ਕਿ, ਹਰ ਕਿਸੇ ਦੇ ਮੋਬਾਈਲ ਵਿੱਚ ਇਹ ਐਪ ਹੋਣੀ ਜ਼ਰੂਰੀ ਨਹੀਂ ਅਤੇ ਜੇਕਰ ਲੋਕ ਚਾਹੁਣ ਤਾਂ ਇਸ ਐਪ ਨੂੰ ਅਨ-ਇੰਸਟਾਲ, ਮਤਲਬ ਕਿ ਮੋਬਾਈਲ ਫ਼ੋਨ ਵਿੱਚੋਂ ਹਟਾ ਵੀ ਸਕਦੇ ਹਨ। ਜਦੋਂ ਕਿ ਕੁੱਝ ਦਿਨ ਪਹਿਲਾਂ ਹੀ ਸਰਕਾਰ ਨੇ ਆਦੇਸ਼ ਜਾਰੀ ਕਰਦਿਆਂ ਹੋਇਆਂ ਇਹ ਕਿਹਾ ਸੀ ਕਿ, ਇਹ ਐਪ ਮੋਬਾਈਲ ਵਿੱਚ ਹੋਣੀ ਬੇਹੱਦ ਜ਼ਰੂਰੀ ਹੋਵੇਗੀ ਅਤੇ ਲੋਕ ਇਸ ਨੂੰ ਹਟਾ ਵੀ ਨਹੀਂ ਸਕਣਗੇ।

ਵੈਸੇ, ਡਾਟਾ ਚੋਰੀ ਦੀ ਗੱਲ ਜੇਕਰ ਕੀਤੀ ਜਾਵੇ ਤਾਂ ਇਹ ਬੇਹੱਦ ਹੀ ਲੰਮਾ ਚੌੜਾ ਅਤੇ ਸਮਝਣ ਸੋਚਣ ਤੇ ਵਿਚਾਰਨ ਵਾਲਾ ਮਾਮਲਾ ਹੈ। ਜਦੋਂ ਅਸੀਂ ਕੋਈ ਆਪਣੇ ਮੋਬਾਈਲ ਫ਼ੋਨ ’ਤੇ ਐਪ ਖੋਲਦੇ ਹਾਂ ਅਤੇ ਉੱਥੇ ਸਕਰੋਲ ਕਰਨਾ ਸ਼ੁਰੂ ਕਰਦੇ ਹਾਂ ਤਾਂ, ਜਿਹੜੀਆਂ ਜਿਹੜੀਆਂ ਚੀਜ਼ਾਂ ਸਾਡੀਆਂ ਅੱਖਾਂ ਦੇ ਸਾਹਮਣੇ ਆਉਂਦੀਆਂ ਨੇ, ਉਹੋ ਚੀਜ਼ਾਂ ਸਾਡੀ ਮੋਬਾਈਲ ਹਿਸਟਰੀ ਦੇ ਵਿੱਚ ਸੇਵ ਰਹਿ ਜਾਂਦੀਆਂ ਨੇ। ਉਹਦੇ ਬਾਅਦ ਜਦੋਂ ਵੀ ਮੋਬਾਈਲ ਫ਼ੋਨ ਬੰਦ ਕਰਕੇ ਜਾਂ ਫਿਰ ਨੈੱਟ ਆਫ਼ ਕਰਕੇ ਆਨ ਕੀਤਾ ਜਾਵੇ ਤਾਂ, ਸਬੰਧਿਤ ਕੰਟੈਂਟ ਦੇ ਨਾਲ ਨਾਲ ਉਹ ਚੀਜ਼ਾਂ, ਜਿਹੜੀਆਂ ਅਸੀਂ ਵੇਖ ਚੁੱਕੇ ਹੁੰਦੇ ਹਾਂ, ਉਹ ਦੁਬਾਰਾ ਫਿਰ ਤੋਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਨੇ, ਮਤਲਬ ਸਾਫ਼ ਹੈ ਕਿ ਜਿਹੋ ਜਿਹਾ ਗਾਹਕ ਆਵੇਗਾ, ਉਹੋ ਜਿਹਾ ਹੀ ਮੋਬਾਈਲ ਐਪ ਉਸਨੂੰ ਵਿਖਾਉਣਗੀਆਂ।

ਅੱਜ ਜੇਕਰ ਕਿਸੇ ਕੋਲ ਇੱਕ ਵੀ ਮੋਬਾਈਲ ਫ਼ੋਨ ਹੈ ਤਾਂ ਉਹ ਆਪਣੇ ਮੋਬਾਈਲ ਵਿੱਚ ਸਿਰਫ਼ ਆਪਣਾ ਨਾਮ ਅਤੇ ਈਮੇਲ ਐਡਰੈੱਸ ਹੀ ਭਰਦੇ, ਤਾਂ ਉਸਦਾ ਸਾਰੇ ਦਾ ਸਾਰਾ ਡਾਟਾ ਆਪਣੇ ਆਪ ਮੋਬਾਈਲ ਐਪ ਜਾਂ ਫਿਰ ਮੋਬਾਈਲ ਦੀ ਹਿਸਟਰੀ ਵਿੱਚ ਚਲਾ ਜਾਵੇਗਾ, ਜਿਸ ਦੇ ਨਾਲ ਭਾਵੇਂ ਮੋਬਾਈਲ ਫ਼ੋਨ ਵੇਚ ਵੀ ਦਿੱਤਾ ਜਾਵੇ, ਫਿਰ ਵੀ ਉਕਤ ਗ੍ਰਾਹਕ ਦਾ ਡਾਟਾ ਸਾਰੇ ਦਾ ਸਾਰਾ ਉਸੇ ਤਰ੍ਹਾਂ ਹੀ ਸੇਵ ਰਹੇਗਾ।

ਅੱਜ ਕੱਲ੍ਹ ਜਦੋਂ ਵੀ ਕੋਈ ਨਵਾਂ ਮੋਬਾਈਲ ਫ਼ੋਨ ਲੈਂਦੇ ਹਾਂ, ਤਾਂ ਮੋਬਾਈਲ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ ਕੋਈ ਵੀ ਇੱਕ ਮੇਲ ਮੰਗੀ ਜਾਂਦੀ ਹੈ, ਜਿਵੇਂ ਕਿ ਜੀ-ਮੇਲ ਜਾਂ ਯਾਹੂ ਮੇਲ ਜਾਂ ਫਿਰ ਹੋਰ ਜਿਹੜੀਆਂ ਵੱਡੀਆਂ ਕੰਪਨੀਆਂ ਜਿਹੜੀਆਂ ਮੇਲ ਦੀ ਸੁਵਿਧਾ ਪ੍ਰੋਵਾਈਡ ਕਰਵਾਉਂਦੀਆਂ ਨੇ। ਜਦੋਂ ਕੋਈ ਵੀ ਮੋਬਾਈਲ ਵਰਤਣ ਵਾਲਾ ਆਦਮੀ ਜਾਂ ਫਿਰ ਔਰਤ ਆਪਣਾ ਈਮੇਲ ਐਡਰੈੱਸ ਨਵੇਂ ਮੋਬਾਈਲ ਵਿੱਚ ਭਰਦਾ ਹੈ ਤਾਂ, ਉਸਦਾ ਪਿਛਲਾ ਸਾਰਾ ਡਾਟਾ ਨਵੇਂ ਮੋਬਾਈਲ ਫ਼ੋਨ ਵਿੱਚ ਆਪਣੇ ਆਪ ਹੀ ਟਰਾਂਸਫ਼ਰ ਹੋ ਜਾਂਦਾ ਹੈ, ਇਸ ਤੋਂ ਸਾਫ਼ ਪਤਾ ਲੱਗਦਾ ਹੈ ਕਿ ਉਕਤ ਈਮੇਲ (ਕੰਪਨੀਆਂ) ਕੋਲ ਸਾਰੇ ਦਾ ਸਾਰਾ ਡਾਟਾ ਪਹਿਲੋਂ ਹੀ ਸੇਵ ਹੁੰਦਾ ਹੈ।

ਇਹ ਤਾਂ ਇਕੱਲੇ ਈਮੇਲ ਦੀ ਗੱਲ ਹੋਈ, ਬਾਕੀ ਫੇਸਬੁੱਕ, ਟਵਿੱਟਰ, ਲਿੰਕਡਨ ਅਤੇ ਹੋਰ ਵੱਡੀਆਂ ਮੋਬਾਈਲ ਐਪ ਜਿਹੜੀਆਂ ਸਾਡੀ ਜ਼ਿੰਦਗੀ ਦਾ ਇੱਕ ਹਿੱਸਾ ਬਣ ਚੁੱਕੀਆਂ ਨੇ, ਉਨ੍ਹਾਂ ਉੱਤੇ ਵੀ ਅਸੀਂ ਆਪਣਾ ਕੰਟੈਂਟ, ਫ਼ੋਟੋਆਂ, ਲੋਕੇਸ਼ਨ ਅਤੇ ਆਪਣੇ ਅਹੁਦੇ ਤੋਂ ਇਲਾਵਾ ਆਪਣਾ ਉਹ ਸਭ ਕੁੱਝ ਵੀ ਲਿਖ ਦਿੰਦੇ ਹਾਂ, ਜਾਂ ਫਿਰ ਬਿਆਨ ਕਰ ਦਿੰਦੇ ਹਾਂ ਜਿਸ ਦੀ ਬਹੁਤ ਜ਼ਿਆਦਾ ਲੋੜ ਨਹੀਂ ਹੁੰਦੀ। ਇਸ ਦੇ ਨਾਲ ਮੋਬਾਈਲ ਐਪ ਕੰਪਨੀਆਂ ਡਾਟਾ ਸੇਵ ਕਰ ਲੈਂਦੀਆਂ ਨੇ ਅਤੇ ਕਥਿਤ ਤੌਰ ’ਤੇ ਉਸ ਡਾਟੇ ਨੂੰ ਅੱਗੇ ਵੇਚ ਦਿੱਤਾ ਜਾਂਦਾ ਹੈ। ਕੁੱਝ ਸਮਾਂ ਪਹਿਲਾਂ ਗੂਗਲ ਨੇ ਇੱਕ ਰਿਪੋਰਟ ਸਾਂਝੀ ਕਰਦਿਆਂ ਹੋਇਆਂ ਕਿਹਾ ਸੀ ਕਿ, ਕਰੋੜਾਂ ਲੋਕਾਂ ਦੇ ਪਾਸਵਰਡ ਚੋਰੀ ਹੋ ਗਏ ਨੇ ਜਾਂ ਫਿਰ ਲੀਕ ਹੋ ਗਏ ਨੇ। ਇਹ ਪਾਸਵਰਡ ਲੀਕ ਕਿਵੇਂ ਹੋਏ, ਇਸ ਬਾਰੇ ਤਾਂ ਗੂਗਲ ਨੇ ਕੋਈ ਸਪੱਸ਼ਟ ਨਹੀਂ ਸੀ

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਗੁਰਪ੍ਰੀਤ
9569820314

ਦੱਸਿਆ, ਪਰ ਇਹ ਜ਼ਰੂਰ ਕਿਹਾ ਸੀ ਕਿ ਈਮੇਲ ਜਾਂ ਫਿਰ ਗੂਗਲ ਦੇ ਹੋਰ ਅਕਾਊਂਟ ਦੇ ਨਾਲ ਜੋੜੇ ਗਏ, ਪਾਸਵਰਡ ਜਿਹੜੇ ਵੀਕ ਪਾਸਵਰਡ ਹੁੰਦੇ ਨੇ, ਉਹੀ ਲੀਕ ਹੋਏ ਨੇ, ਜਿਸ ਦੇ ਕਾਰਨ ਲੋਕਾਂ ਦਾ ਡਾਟਾ ਚੋਰੀ ਹੋਣ ਦਾ ਖ਼ਤਰਾ ਹੈ। ਮਤਲਬ ਸਾਫ਼ ਹੈ ਕਿ ਵੀਕ ਯਾਨੀ ਕਿ ਸਿੱਧੇ ਸਾਧੇ ਪਾਸਵਰਡ, ਜਿਨ੍ਹਾਂ ਲੋਕਾਂ ਦੇ ਵੱਲੋਂ ਆਪਣੇ ਮੋਬਾਈਲ ਫੋਨਾਂ ’ਤੇ ਲਗਾਏ ਜਾਂਦੇ ਨੇ, ਉਨ੍ਹਾਂ ਦਾ ਡਾਟਾ ਛੇਤੀ ਚੋਰੀ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ।

ਪਰ, ਅਜਿਹਾ ਹੋਣਾ ਸੰਭਵ ਨਹੀਂ ਹੈ, ਕਿਉਂਕਿ ਜੇਕਰ ਕੋਈ ਗਾਹਕ ਆਪਣੇ ਮੋਬਾਈਲ ਫ਼ੋਨ ਵਿੱਚ ਕੋਈ ਐਪ ਇੰਸਟਾਲ ਕਰਦਾ ਹੈ ਤਾਂ, ਉਕਤ ਐਪ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਉਸਨੂੰ ਚਲਾਉਣ ਵਾਲੇ ਦੀ ਸੁਰੱਖਿਆ ਕਰੇ ਅਤੇ ਕਿਸੇ ਨੂੰ ਵੀ ਡਾਟਾ ਚੋਰੀ ਕਰਨ ਨਾ ਦੇਵੇ, ਪਰ ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਜਾਵੇ, ਫਿਰ ਖੇਤ ਉੱਜੜਨੇ ਹੀ ਨੇ, ਅਜਿਹਾ ਕੁੱਝ ਮੋਬਾਈਲ ਐਪ ਕਰ ਰਹੀਆਂ ਨੇ। ਇਹ ਕੋਈ ਇੱਕ ਮੋਬਾਈਲ ਐਪ ਦਾ ਰੌਲਾ ਨਹੀਂ, ਬਲਕਿ ਦੁਨੀਆ ਭਰ ਵਿੱਚ ਲੱਖਾਂ ਮੋਬਾਈਲ ਐਪ ਅਜਿਹੀਆਂ ਨੇ, ਜਿਹੜੀਆਂ ਲੋਕਾਂ ਦਾ ਡਾਟਾ ਚੋਰੀ ਕਰਕੇ ਅੱਗੇ ਵੱਡੀਆਂ ਕੰਪਨੀਆਂ ਨੂੰ ਸਪਲਾਈ ਕਰਦੀਆਂ ਨੇ। ਅਸੀਂ ਰੋਜ਼ਾਨਾ ਹੀ ਦੇਖਦੇ ਹਾਂ ਕਿ ਸਾਨੂੰ ਅਣਪਛਾਤੇ ਨੰਬਰਾਂ ਤੋਂ ਕਾਲਾਂ ਆ ਜਾਂਦੀਆਂ ਨੇ, ਕਈ ਵਾਰ ਤਾਂ ਅਸੀਂ ਸਮਝ ਨਹੀਂ ਪਾਉਂਦੇ ਕਿ, ਉਹ ਫ਼ੋਨ ਚੁੱਕਿਆ ਜਾਵੇ ਜਾਂ ਨਹੀਂ, ਪਰ ਜੇਕਰ ਗ਼ਲਤੀ ਦੇ ਨਾਲ ਕਿਤੇ ਚੁੱਕਿਆ ਵੀ ਜਾਵੇ ਤਾਂ, ਸਾਹਮਣੇ ਤੋਂ ਬੋਲਣ ਵਾਲੇ ਆਦਮੀ ਜਾਂ ਫਿਰ ਔਰਤ ਕੋਲ, ਸਾਡਾ ਨਾਮ ਪਤਾ ਸਭ ਕੁੱਝ ਹੁੰਦਾ ਹੈ। ਬਸ ਉਹ ਤਾਂ ਸਾਡੇ ਕੋਲੋਂ ਕਨਫਰਮ ਹੀ ਕਰਦੇ ਨੇ ਕਿ, ਫਲਾਣਾ ਬੰਦਾ ਬੋਲ ਰਿਹਾ ਹੈ। ਬਸ ਫਿਰ ਕੀ ਹੁੰਦਾ, ਹੌਲੀ ਹੌਲੀ ਅਜਿਹੀ ਗੇਮ ਪੈਂਦੀ ਹੈ ਕਿ ਬੈਂਕ ਖਾਤੇ ਖ਼ਾਲੀ ਹੋ ਜਾਂਦੇ ਨੇ। ਉਕਤ ਫ਼ੋਨ ਕਰਨ ਵਾਲੇ ਲੋਕ ਕੌਣ ਨੇ ਅਤੇ ਉਨ੍ਹਾਂ ਕੋਲ ਸਾਡਾ ਡਾਟਾ ਕਿੱਥੋਂ ਜਾਂਦਾ ਹੈ, ਇਸ ਬਾਰੇ ਨਾ ਤਾਂ ਕਿਸੇ ਸਰਕਾਰ ਨੇ ਹੁਣ ਤੱਕ ਜਾਣਕਾਰੀ ਦਿੱਤੀ ਹੈ ਅਤੇ ਨਾ ਹੀ ਕਿਸੇ ਸਾਈਬਰ ਸੁਰੱਖਿਆ ਡਿਪਾਰਟਮੈਂਟ ਨੇ। ਜੇਕਰ ਕੋਈ ਇਨਸਾਨ ਕੋਈ ਮੋਬਾਈਲ ਨੰਬਰ ਨਵਾਂ ਖਰੀਦਦਾ ਹੈ, ਫਿਰ ਵੀ ਉਸ ਦਾ ਡਾਟਾ ਅਤੇ ਉਸਦਾ ਨਾਮ ਪਤਾ, ਸਾਰੇ ਦਾ ਸਾਰਾ ਹੈਕਰਾਂ ਕੋਲ ਜਾਂ ਫਿਰ ਅਣਪਛਾਤੇ ਲੋਕਾਂ ਕੋਲ ਚਲਾ ਜਾਂਦਾ ਹੈ, ਜਿਨ੍ਹਾਂ ਦੇ ਨਾਲ ਉਨ੍ਹਾਂ ਦਾ ਕੋਈ ਵਾਹ ਵਾਸਤਾ ਵੀ ਨਹੀਂ ਹੁੰਦਾ। ਇਸ ਬਾਰੇ ਵੀ ਸਰਕਾਰ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਹੈਕਰਾਂ ਤੱਕ ਸਾਡਾ ਡਾਟਾ ਕਿਵੇਂ ਚਲਾ ਜਾਂਦਾ ਹੈ ?

ਵੈਸੇ ਰੌਲਾ ਇਕੱਲੀ ਸੰਚਾਰ ਸਾਥੀ ਐਪ ਦਾ ਨਹੀਂ, ਬਲਕਿ ਹੋਰ ਵੀ ਸਾਡੇ ਮੋਬਾਈਲ ਵਿੱਚ ਅਜਿਹੀਆਂ ਐਪਸ ਮੌਜੂਦ ਨੇ, ਜਿਹੜੀਆਂ ਸਾਡਾ ਰੋਜ਼ਾਨਾ ਦਾ ਡਾਟਾ ਚੋਰੀ ਕਰ ਰਹੀਆਂ ਨੇ, ਸਾਡੀਆਂ ਲੋਕੇਸ਼ਨਾਂ, ਮੋਬਾਈਲ ਨੰਬਰ ਅਤੇ ਫ਼ੋਟੋਆਂ ਚੋਰੀ ਕਰਕੇ ਅੱਗੇ ਹੈਕਰਾਂ ਤੱਕ ਪਹੁੰਚਾ ਰਹੀਆਂ ਨੇ, ਇਸ ਦੇ ਨਾਲ ਵੱਡਾ ਨੁਕਸਾਨ ਸਾਡੀ ਸੁਰੱਖਿਆ ਦਾ ਤਾਂ ਹੋ ਹੀ ਰਿਹਾ, ਉੱਥੇ ਹੀ ਸਾਡੇ ਰੋਜ਼ਾਨਾ ਦੇ ਜੀਵਨ ਉੱਤੇ ਵੀ ਇਸ ਦਾ ਮਾੜਾ ਅਸਰ ਪੈ ਰਿਹਾ ਹੈ, ਕਿਉਂਕਿ ਇੱਕ ਮੋਬਾਈਲ ਫ਼ੋਨ ਰਾਹੀਂ ਸ਼ੇਅਰ ਕੀਤਾ ਗਿਆ ਡਾਟਾ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਨੂੰ ਜਨਮ ਦੇ ਦਿੰਦਾ ਹੈ।

ਸੋ ਇਹ ਨਾ ਸੋਚਿਆ ਜਾਵੇ ਕਿ, ਕੋਈ ਮੋਬਾਈਲ ਐਪ ਸੇਫ਼ ਹੈ ਜਾਂ ਫਿਰ ਧੋਖਾਧੜੀ ਵਾਲੀ ਨਹੀਂ, ਬਲਕਿ ਸਾਰੀਆਂ ਹੀ ਇਹ ਮੋਬਾਈਲ ਐਪ ਸਾਡਾ ਡਾਟਾ ਇੱਧਰ ਤੋਂ ਉੱਧਰ ਕਰਦੀਆਂ ਹੀ ਰਹਿੰਦੀਆਂ ਨੇ, ਇਸ ਬਾਰੇ ਸਾਨੂੰ ਪਤਾ ਤੱਕ ਨਹੀਂ ਲੱਗਦਾ, ਪਤਾ ਉਦੋਂ ਲੱਗਦਾ ਹੈ ਜਦੋਂ ਸਾਡੇ ਮੋਬਾਈਲ ਫ਼ੋਨ ਦੇ ਵਿੱਚੋਂ ਪੈਸੇ ਚੁੱਪ ਚੁਪੀਤੇ ਕੱਢ ਲਏ ਜਾਂਦੇ ਨੇ ਅਤੇ ਸਾਡੀਆਂ ਫ਼ੋਟੋਆਂ ਅਤੇ ਹੋਰ ਨਿੱਜੀ ਜਾਣਕਾਰੀ ਵੀ ਲੀਕ ਹੋ ਜਾਂਦੀ ਹੈ। ਖ਼ੈਰ ਵੇਖਦੇ ਹਾਂ ਕਿ ਸਰਕਾਰ ਇਸ ’ਤੇ ਕੀ ਨਵਾਂ ਕੁੱਝ ਕਰਦੀ ਹੈ?

# ਸ਼ਬਦ ਹੀ ਜੀਵਨ ਦਾ ਆਧਾਰ

‘ਸ਼ਬਦ’ ਇਕ ਅਜਿਹਾ ਮਾਧਿਅਮ ਹੈ ਜਿਸ ਨਾਲ ਇਕ ਵਿਅਕਤੀ ਦੂਸਰੇ ਵਿਅਕਤੀ ਅੱਗੇ ਆਪਣੇ ਭਾਵਾਂ ਨੂੰ ਪੇਸ਼ ਕਰ ਸਕਦਾ ਹੈ। ਅਸੀਂ ਕਿਸੇ ਨਾਲ ਸੰਪਰਕ ਵਿਚ ਸ਼ਬਦਾਂ ਰਾਹੀਂ ਹੀ ਆਉਂਦੇ ਹਾਂ। ਜਦੋਂ ਕੋਈ ਬੱਚਾ ਇਸ ਸੰਸਾਰ ਵਿੱਚ ਜਨਮ ਲੈਂਦਾ ਹੈ ਤਾਂ ਉਸ ਸਮੇਂ ਉਸਨੂੰ ਸ਼ਬਦਾਂ ਦਾ ਕੋਈ ਗਿਆਨ ਨਹੀਂ ਹੁੰਦਾ। ਪਰ ਜਦੋਂ ਉਸਦੀ ਮਾਂ ਉਸ ਨਾਲ ਸ਼ਬਦਾਂ ਵਿੱਚ ਆਪਣੇ ਪਿਆਰ ਭਰੇ ਭਾਵਾਂ ਨੂੰ ਪ੍ਰਗਟ ਕਰਦੀ ਹੈ ਤਾਂ ਉਹ ਹੋਲੀ ਹੋਲੀ ਸ਼ਬਦਾਂ ਦੀ ਮਹੱਤਤਾ ਬਾਰੇ ਜਾਣੂ ਹੁੰਦਾ ਹੋਇਆ ਇਹਨਾਂ ਸ਼ਬਦਾਂ ਨੂੰ ਉਚਾਰਣ ਦੀ ਕੋਸ਼ਿਸ਼ ਕਰਦਾ ਹੈ ਅਤੇ ਉਹ ਪਹਿਲਾਂ ਸ਼ਬਦ ਮਾਂ ਸ਼ਬਦ ਕਹਿ ਕੇ ਆਪਣੇ ਦਿਲ ਦੀਆ ਭਾਵਨਾਵਾਂ ਨੂੰ ਜਾਹਿਰ ਕਰਦਾ ਹੈ। ਮਨੁੱਖ ਦੀ ਆਪਸੀ ਵਾਰਤਾਲਾਪ ਸ਼ਬਦਾਂ ਉੱਤੇ ਹੀ ਅਧਾਰਿਤ ਹੁੰਦੀ ਹੈ। ਸ਼ਬਦਾਂ ਦਾ ਪ੍ਰਗਟਾਵਾ ਕਰਕੇ ਹੀ ਅਸੀਂ ਆਪਣੀ ਖੁਸ਼ੀ, ਗਮ,ਦੁੱਖ,ਸੁੱਖ ਆਦਿ ਸਾਂਝੇ ਕਰਦੇ ਹਾਂ। ਸ਼ਬਦਾਂ ਦਾ ਇੱਕਠ ਵਾਕ ਦਾ ਰੂਪ ਧਾਰਨ ਕਰਦਾ ਹੈ ਤੇ ਅਸੀਂ ਜਦੋਂ ਸ਼ਬਦਾਂ ਦੇ ਸੁਮੇਲ ਤੋਂ ਵਾਕ ਬਣਾ ਕੇ ਕਿਸੇ ਅੱਗੇ ਆਪਣੀ ਮਾਨਸਿਕ ਭਾਵਾਂ ਨੂੰ ਪ੍ਰਗਟ ਕਰਦੇ ਹਾਂ ਤਾਂ ਦੂਸਰਾ ਵਿਅਕਤੀ ਵੀ ਸਾਡੀ ਮਨੋਸਥਿਤੀ ਨੂੰ ਸਮਝਦਾ ਹੋਇਆ ਇਸੇ ਤਰ੍ਹਾਂ ਹੀ ਵਾਕਾਂ ਦਾ ਉਪਯੋਗ ਕਰਕੇ ਆਪਣੇ ਭਾਵ ਸਾਹਮਣੇ ਰੱਖਦਾ ਹੈ। ਇਸ ਤਰ੍ਹਾਂ ਮਨੁੱਖ ਦੇ ਆਪਸ ਵਿੱਚ ਭਾਵਾਂ ਸਬੰਧੀ ਆਦਾਨ ਪ੍ਰਦਾਨ ਨੂੰ ਵਾਰਤਾਲਾਪ ਦਾ ਨਾਂ ਦਿੱਤਾ ਜਾਂਦਾ ਹੈ। ਸਾਡੇ ਮੂੰਹ ਵਿੱਚੋਂ ਨਿਕਲਣ ਵਾਲੇ ਸ਼ਬਦ ਸਾਡੇ ਮਨ ਅੰਦਰਲੀ ਸਥਿੱਤੀ ਨੂੰ ਬਿਆਨ ਕਰਦੇ ਹਾਂ। ਜੇਕਰ ਅਸੀਂ ਖੁਸ਼ ਹਾਂ ਤਾਂ ਅਸੀਂ ਆਪਸੀ ਵਾਰਤਾਲਾਪ ਵਿਚ ਚੰਗੇ ਸ਼ਬਦਾਂ ਦੀ ਵਰਤੋਂ ਕਰਾਂਗੇ, ਅਸੀਂ ਖੁਸ਼ੀ ਵਿਚ ਖੁਸ਼ੀ ਭਰੇ ਗੀਤਾਂ ਨੂੰ ਗੁਣਗੁਣਾਵਾਗੇਂ ਅਤੇ ਚੰਗੇ ਵਿਚਾਰਾਂ ਦਾ ਉਚਾਰਣ ਕਰਾਂਗੇ ਪਰ ਜੇਕਰ ਸਾਡੇ ਮਨ ਅੰਦਰ ਕੋਈ ਦੁੱਖ ਹੈ ਤਾਂ ਸਾਡੇ ਸ਼ਬਦਾਂ ਦਾ ਰੂਪ ਬਦਲ ਕੇ ਕਰੋਧ, ਇਰਖਾ ਤੇ ਚਿੜਚਿੜੇਪਣ ਤਾਂ ਧਾਰਨੀ ਬਣ ਜਾਵੇਗਾ। ਅਸੀਂ ਦੁੱਖ ਭਰੀ ਸਥਿੱਤੀ ਦੌਰਾਨ ਆਪਸੀ ਵਾਰਤਾਲਾਪ ਵਿਚ ਗੁੱਸੇ ਭਰਪੂਰ ਅਤੇ ਕੂੜ ਸ਼ਬਦਾਂ ਨੂੰ ਪਹਿਲ ਦੇਵਾਂਗੇ। ਇਸ ਤਰ੍ਹਾਂ ਸ਼ਬਦ ਮਨੁੱਖ ਅੰਦਰਲੀ ਹਾਲਤ ਨੂੰ ਬਿਆਨ ਕਰਨ ਵਿਚ ਸਹਾਈ ਹੁੰਦੇ ਹਨ। ਸੰਸਾਰ ਦੀ ਕੋਈ ਵੀ ਭਾਸ਼ਾ ਉਹ ਸ਼ਬਦਾਂ ਦੇ ਸੁਮੇਲ ਤੋਂ ਹੀ ਬਣੀ ਹੈ। ਸ਼ਬਦਾਂ ਦੇ ਸੁਮੇਲ ਤੋਂ ਹੀ ਪਵਿੱਤਰ ਗ੍ਰੰਥ ਅਤੇ ਵੇਦ ਲਿਖੇ ਗਏ। ਸ਼ਬਦਾਂ ਦੇ ਸੁਮੇਲ ਤੋਂ ਗੀਤਾਂ ਨੇ ਜਨਮ ਲਿਆ। ਇਸ ਤੋਂ ਇਲਾਵਾ ਦੋਹੇ, ਸਿੱਠਣੀਆਂ, ਘੋੜੀਆਂ ਅਤੇ ਬੋਲੀਆਂ ਦਾ ਜਨਮ ਵੀ ਸ਼ਬਦਾਂ ਦੇ ਆਪਸੀ ਗਠਬੰਨਧ ਤੋਂ ਹੀ ਹੋਇਆ। ਚੰਗੇ ਅਤੇ ਮਿੱਠਤ ਭਰਪੂਰ ਸ਼ਬਦਾਂ ਦੇ ਆਧਾਰ ਉੱਤੇ ਹੀ ਇਕ ਮਨੁੱਖ ਦੂਜੇ ਮਨੁੱਖ ਦੇ ਨੇੜੇ ਆਇਆ ਅਤੇ ਦੂਜੇ ਪਾਸੇ ਮਾੜੇ ਅਤੇ ਕੌੜੇ ਸ਼ਬਦਾਂ ਦੀ ਸਾਂਝ ਨੇ ਮਨੁੱਖਤਾ ਵਿਚਕਾਰ ਵੈਰ ਭਰੇ ਸੰਬੰਧ ਕਾਇਮ ਕੀਤੇ। ਸੰਸਾਰ ਦੇ ਵੱਡੇ-ਵੱਡੇ ਵਿਦਵਾਨਾਂ ਨੇ ਅਨੇਕਾਂ ਪੁਸਤਕਾਂ ਲਿਖੀਆਂ। ਉਹਨਾਂ ਨੇ ਸ਼ਬਦਾਂ ਦੇ ਇੱਕਠ ਤੋਂ ਵਾਕ ਬਣਾ ਕੇ ਚੰਗੀਆਂ ਪੁਸਤਕਾਂ ਦੀ ਰਚਨਾ ਕਰਦੇ ਹੋਏ ਮਨੁੱਖ ਨੂੰ ਸਮਾਜ ਵਿਚ ਵਿਚਰਨ ਅਤੇ ਇਕ ਚੰਗੀ ਸੋਚ ਦਾ ਧਾਰਨੀ ਬਨਣ ਦੇ ਤੌਰ ਤਰੀਕੇ ਸਿਖਾਏ। ਕੁਝ ਕੁ ਲੇਖਕਾਂ ਨੇ ਆਪਣੀਆਂ ਕੁਝ ਪੁਸਤਕਾਂ ਵਿਚ ਥੋੜ੍ਹੇ ਸ਼ਬਦਾਂ ਦੀ ਵਰਤੋਂ ਕਰਕੇ ਆਪਣੇ ਜੀਵਨ ਦੇ ਵੱਡੇ ਸਾਰਾਂ ਨੂੰ ਬਿਆਨ ਕੀਤਾ। ਅਤੇ ਕੁਝ ਚੰਨੀਂਦੇ ਲੇਖਕਾਂ ਨੇ ਤਾਂ ਆਪਣੀਆਂ ਹੱਡ ਬੀਤੀਆਂ ਨੂੰ ਸ਼ਬਦਾਂ ਰਾਹੀਂ ਪੁਸਤਕਾਂ ਵਿਚ ਬਿਆਨ ਕਰਦਿਆਂ ਆਪਣੇ ਜੀਵਨ ਦੇ ਤਜ਼ਰਬਿਆਂ ਨੂੰ ਸਾਂਝਾ ਕੀਤਾ। ਇਸ ਤਰ੍ਹਾਂ ਸ਼ਬਦ ਹਰ ਖੇਤਰ ਵਿਚ ਮਨੁੱਖ ਲਈ ਮਦਦਗਾਰ ਬਣੇ। ਸਮਾਜ ਵਿਚ ਕਿਸੇ ਵੀ ਅਹੁਦੇ ਦੀ ਪਹੁੰਚ ਮਨੁੱਖ ਵਿੱਚ ਉਸਦੇ ਸ਼ਬਦਾਂ ਪ੍ਰਤੀ ਗਿਆਨ ਦੁਆਰਾ ਨਿਰਧਾਰਿਤ ਹੁੰਦੀ ਹੈ। ਵਿਅਕਤੀ ਆਪਣੇ ਆਲੇ-ਦੁਆਲੇ ਨਾਲ ਸੰਬੰਧਤ ਜਾਣਕਾਰੀ ਹਾਸਲ ਕਰਕੇ ਸ਼ਾਬਦਿਕ ਇਮਤਿਹਾਨਾਂ ਰਾਹੀਂ ਪੇਪਰ ਪਾਸ ਕਰਕੇ ਕਿਸੇ ਵੀ ਅਹੁਦੇ ਨੂੰ ਹਾਸਲ ਕਰ ਸਕਦਾ ਹੈ। ਸ਼ਬਦਾਂ ਦੀ ਤਾਕਤ ਤੋਂ ਹੀ ਇਤਿਹਾਸ ਦੀ ਰਚਨਾ ਹੋਈ। ਇਸ ਲਈ ਵਿਅਕਤੀ ਨੂੰ ਸ਼ਬਦਾਂ ਦੀ ਮਹੱਤਤਾ ਬਾਰੇ ਜਾਣੂ ਹੁੰਦੇ ਹੋਏ ਚੰਗੇ ਸ਼ਬਦਾਂ ਦੀ ਸੰਗਤ ਵਿਚ ਜੀਵਨ ਜਿਉਣ ਦਾ ਯਤਨ ਕਰਨਾ ਚਾਹੀਦਾ ਹੈ। ਚੰਗੇ ਸ਼ਬਦ ਸਾਨੂੰ ਚੰਗੀਆਂ ਪੁਸਤਕਾਂ ਤੋਂ ਹੀ ਮਿਲ ਸਕਦੇ ਹਨ। ਪਰ ਅਜੋਕੇ ਸਮੇਂ ਦਾ ਮਨੁੱਖ ਪੁਸਤਕਾਂ ਤੋਂ ਕਿਤੇ ਦੂਰ ਹੈ। ਸ਼ੋਸ਼ਲ ਮੀਡੀਆ ਅੱਜ ਦੇ ਇਨਸਾਨ ‘ਤੇ ਐਨਾ ਜਿਆਦਾ ਹਾਵੀ ਪੈ ਗਿਆ ਹੈ ਕਿ ਉਹ ਆਪਣਾ ਕੀਮਤੀ ਸਮਾਂ ਮੋਬਾਇਲ ਇੰਟਰਨੈੱਟ ‘ਤੇ ਅਜਾਈ ਕਰ ਰਿਹਾ ਹੈ। ਜੇਕਰ ਉਸਨੂੰ ਕੁਝ ਪੜ੍ਹਨ ਦੀ ਲੋੜ ਪੈਂਦੀ ਹੈ ਤਾਂ ਉਹ ਪੁਸਤਕਾਂ ਦੀ ਥਾਂ ‘ਤੇ ਮੋਬਾਇਲ ਫੋਨ ਨੂੰ ਵਧੇਰੇ ਪਹਿਲ ਦਿੰਦਾ ਹੈ। ਕਿਉਂਕਿ ਅਜੋਕੇ ਮਨੁੱਖ ਦਾ ਮਕਸਦ ਸ਼ਬਦਾਂ ‘ਤੇ ਅਮਲ ਕਰਨਾ ਨਹੀਂ ਸਿਰਫ ਪੜ੍ਹਨ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ। ਉਹ ਨਹੀਂ ਜਾਣਦਾ ਕਿ ਸ਼ਬਦਾਂ ਵਿੱਚ ਜੋ ਰਸ ਹਾਸਲ ਹੁੰਦਾ ਹੈ ਉਹ ਮਨੁੱਖੀ ਰੂਹ ਨੂੰ ਸ਼ਾਂਤੀ ਪ੍ਰਦਾਨ ਕਰਦਾ ਹੈ।

# ਉਸ ਵੇਲੇ ਮੈਨੂੰ ਪਤਾ ਹੀ ਨਹੀਂ ਸੀ ਕਿ ਬਰਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਕੌਣ ਹੈ ?

ਕਈ ਵਿਅਕਤੀ ਐਨੇ ਨਿਮਰ ਅਤੇ ਮਿੱਠ ਬੋਲੇ ਹੁੰਦੇ ਹਨ ਕਿ ਤੁਸੀਂ ਪਹਿਚਾਣ ਹੀ ਨਹੀਂ ਸਕਦੇ ਕਿ ਇਸ ਨੇ ਕੀ ਕਾਰਨਾਮੇ ਕੀਤੇ ਹੋਏ ਹਨ।ਉਹ ਕਦੇ ਵੀ ਆਪਣੇਬਾਰੇ ਫੜ੍ਹਾਂ ਨਹੀਂ ਮਾਰਦੇ। ????-?? ਵਿੱਚ ਮੈਂ ਥਾਣਾ ਮੋਹਾਲੀ ਫੇਜ਼ ? ਵਿੱਚ ਬਤੌਰ ਐਸ.ਐਚ.ਉ. ਤਾਇਨਾਤ ਸੀ। ਉਸ ਵੇਲੇ ਮੋਹਾਲੀ ਵਿੱਚ ਸਿਰਫ ਦੋ ਹੀ ਥਾਣੇ ਹੀ ਹੁੰਦੇ ਸਨ, ਫੇਜ਼ ? ਅਤੇ ਫੇਜ਼ ?।ਫੇਜ਼ ? ਉਪਰੇਸ਼ਨਲ ਥਾਣਾ ਸੀ ਤੇ ਉਸ ਦੀ ਐਫ.ਆਈ.ਆਰ. ਫੇਜ਼ ? ਵਿਖੇ ਦਰਜ਼ ਹੁੰਦੀ ਸੀ। ਮੈਂ ਜਿੰਨੇ ਵੀ ਥਾਣਿਆ ਵਿੱਚ ਤਾਇਨਾਤ ਰਿਹਾ ਸੀ, ਥਾਣਾ ਫੇਜ਼ ? ਸਭ ਤੋਂ ਵੱਡੀ ਸਿਰਦਰਦ ਸੀ। ਨਾ ਦਿਨੇ ਚੈਨ ਮਿਲਦਾ ਸੀ ਤੇ ਨਾ ਰਾਤ ਨੂੰ, ਇੱਕ ਰਾਤ ਵਿੱਚ ?-?, ?-? ਚੋਰੀਆਂ ਹੁੰਦੀਆਂ ਸਨ ਤੇਚੰਡੀਗੜ੍ਹ ਬੈਠੇ ਅਫਸਰਾਂ ਦੀਆਂ ਵਗਾਰਾਂ ਵੱਖ ਪੈਂਦੀਆਂ ਸਨ।ਕਦੇ ਕਿਸੇ ਦਾ ਕੁੱਤਾ ਬਿਮਾਰ ਹੋ ਜਾਣਾ ਤੇ ਕਦੇ ਕਿਸੇ ਦੀ ਫੁੱਲਾਂ ਦੀ ਕਿਆਰੀ ਵਾਸਤੇ ਰੂੜੀ ਜਾਂਵਾੜ ਵਾਸਤੇ ਕਾਨੇ ਭੇਜਣੇ ਆਦਿ। ਮੇਰਾ ਖਿਆਲ ਹੈ ਕਿ ਡੇਢ ਸਾਲ ਦੀ ਪੋਸਟਿੰਗ ਵਿੱਚ ਮੈਂ ?-? ਅਫਸਰਾਂ ਦੇ ਮਾਪਿਆਂ ਦੇ ਤਾਂ ਭੋਗ ਹੀ ਪਵਾਏ ਹੋਣੇ ਆ। ਮੋਹਾਲੀ ਦਾ ਤਕਰੀਬਨ ਸਾਰਾ ਇੰਡਸਟਰੀਅਲ ਏਰੀਆਂ ਫੇਜ਼ ? ਦੇ ਅਧੀਨ ਆਉਂਦਾ ਸੀ ਜਿੱਥੇ ਕੋਈ ਨਾ ਕੋਈ ਪਵਾੜਾ ਪਿਆ ਹੀ ਰਹਿੰਦਾ ਸੀ। ਕਦੇ ਕਿਸੇ ਯੂਨੀਅਨ ਨੇ ਹੜਤਾਲ ਕਰ ਦੇਣੀ ਕਦੇ ਕਿਸੇ ਨੇ ਭੰਨ ਤੋੜ।

ਜਦੋਂ ਮੈਂ ਥਾਣੇ ਦਾ ਚਾਰਜ ਲਿਆ ਤਾਂ ਉਸ ਵੇਲੇ ਮੋਹਾਲੀ ਵਿਖੇ ਗੋਦਰੇਜ਼ ਦੀ ਬਹੁਤ ਵੱਡੀ ਫੈਕਟਰੀ ਅਜੇ ਨਵੀਂ ਨਵੀਂ ਹੀ ਸਥਾਪਿਤ ਹੋਈ ਸੀ। ਪੰਜਾਬ ਸਰਕਾਰ ਉਸ ਨੂੰ ਆਪਣੀ ਇੱਕ ਅਹਿਮ ਪ੍ਰਾਪਤੀ ਵਜੋਂ ਪ੍ਰਚਾਰ ਰਹੀ ਸੀ ਕਿਉਂਕਿ ਉਥੇ ਸੈਂਕੜੇ ਪੰਜਾਬੀਆਂ ਨੂੰ ਰੋਜ਼ਗਾਰ ਪ੍ਰਾਪਤ ਹੋਇਆ ਸੀ। ਗੋਦਰੇਜ਼ ਭਾਰਤ ਦੀ ਚੋਟੀ ਦੀ ਕੰਪਨੀ ਹੈ ਜਿਸ ਕਾਰਨ ਉਹ ਮਜ਼ਦੂਰ ਯੂਨੀਅਨ ਜਾਂ ਹੋਰ ਪ੍ਰਸ਼ਾਸ਼ਨਿਕ ਝਗੜਿਆਂ ਸਮੇਂ ਮੁੱਖ ਮੰਤਰੀ ਤੋਂ ਘੱਟ ਕਿਸੇ ਨਾਲ ਗੱਲ ਨਹੀਂ ਸਨ ਕਰਦੇ।ਉਸ ਵੇਲੇ ਮੋਹਾਲੀ ਅਜੇ ਜਿਲ੍ਹਾ ਨਹੀਂ ਸੀ ਬਣਿਆ ਤੇ ਰੋਪੜ ਦੇ ਅਧੀਨ ਆਉਂਦਾ ਸੀ। ਰੋਪੜ ਦੇ ਉਸ ਸਮੇਂ ਦੇ ਐਸ.ਐਸ.ਪੀ. ਵੱਲੋਂ ਮੋਹਾਲੀ ਦੇ ਐਸ.ਪੀ. ਨੂੰ ਸਖਤ ਹੁਕਮ ਸਨ ਕਿ ਗੋਦਰੇਜ਼ ਫੈਕਟਰੀ ਦਾ ਖਾਸ ਧਿਆਨ ਰੱਖਣਾ ਹੈ।ਉਸ ਸਮੇਂ ਗੋਦਰੇਜ਼ ਦਾ ਚੀਫ ਸਕਿਉਰਟੀ ਅਫਸਰ ਬਰਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਨਾਮਕ ਵਿਅਕਤੀ ਸੀ। ? ਫੁੱਟ ? ਕੁ ਇੰਚ ਲੰਮੇ ਤੇ ਪਤਲੇ ਜਿਹੇ ਚਾਂਦਪੁਰੀ ਵਰਗਾ ਨਿਮਰ ਤੇ ਮਿੱਠ ਬੋਲੜਾ ਵਿਅਕਤੀ ਮੈਂ ਅੱਜ ਤੱਕ ਨਹੀਂ ਵੇਖਿਆ।

ਹਾਲਾਂਕਿ ਫੌਜ ਦੇ ਹਿਸਾਬ ਨਾਲ ਮੈਂ ਉਸ ਦੇ ਰੈਂਕ ਸਾਹਮਣੇ ਕੁਝ ਵੀ ਨਹੀਂ ਸੀ ਪਰ ਉਸ ਨੇ ਕਦੇ ਵੀ ਮੈਨੂੰ ਚਾਹ ਪਾਣੀ ਪੀਤੇ ਬਗੈਰ ਨਹੀਂ ਸੀ ਆਉਣ ਦਿੱਤਾ।ਉਸ ਦੇ ਮਿੱਠੇ ਸੁਭਾਅ ਕਾਰਨ ਮੈਂ ਜਦੋਂ ਵੀ ਉਸ ਪਾਸੇ ਗਸ਼ਤ ਕਰਨ ਜਾਣਾ ਤਾਂ ਉਸ ਨੂੰ ਜਰੂਰ ਮਿਲ ਕੇ ਆਉਣਾ। ਮੈਂ ਜਾਂ ਮੇਰੇ ਸਾਥੀਆਂ ਨੇ ਕਈ ਵਾਰ ਉਸ ਦੇ ਸਾਹਮਣੇ ਐਵੇਂ ਫੜ੍ਹਾਂ ਮਾਰ ਦੇਣੀਆਂ ਕਿ ਅਸੀਂ ਆਹ ਚੋਰ ਫੜਿ ਆ ਸੀ, ਆਹ ਕਤਲ ਕੇਸ ਹੱਲ ਕੀਤਾ ਹੈ, ਉਸ ਨੇ ਅੱਗੋਂ ਮਿੰਨ੍ਹਾ ਜਿਹਾ ਹੱਸ ਕੇ ਦਾਦ ਦੇ ਦੇਣੀ।ਉਸ ਨੇ ਸਾਡੇ ਸਾਹਮਣੇ ਕਦੇ ਵੀਇਹ ਭੇਤ ਨਹੀਂ ਸੀ ਖੋਲਿ ?ਹਆ ਕਿ ਉਸ ਨੇ ???? ਦੀ ਜੰਗ ਵੇਲੇ ਰਾਜਸਥਾਨ ਬਾਰਡਰ(ਲੌਂਗੇਵਾਲਾ)ਵਿਖੇ ? ਤੇ ? ਦਸੰਬਰ ਦੀ ਦਰਮਿਆਨੀ ਰਾਤ ਨੂੰ ਸਾਰਾਗੜ੍ਹੀ ਦੀ ਜੰਗ (?? ਸਤੰਬਰ ????) ਵਰਗਾ ਕਾਰਨਾਮਾ ਕੀਤਾ ਸੀ ਤੇ ਉਹ ਮਹਾਂਵੀਰ ਚੱਕਰ ਵਿਜੇਤਾ ਹੈ।ਨਾ ਹੀ ਦੱਸਿਆਕਿ ਉਸ ਨੇ ?? ਟੈਂਕਾਂ ਅਤੇ ਬਖਤਰਬੰਦ ਗੱਡੀਆਂਦੀ ਮਦਦ ਨਾਲ ਜੈਸਲਮੇਰ 'ਤੇ ਕਬਜ਼ਾ ਕਰਨ ਲਈ ਵਧ ਰਹੇ ???? ਪਾਕਿਸਤਾਨੀ ਸੈਨਿਕਾਂ ਦੇ ਸੁਪਨੇ ਪੰਜਾਬ ਰੈਜੀਮੈਂਟ ਦੇ ਸਿਰਫ ??? ਜਵਾਨਾਂ ਦੀ ਮਦਦ ਨਾਲ ਢਹਿ ਢੇਰੀ ਕਰ ਦਿੱਤੇ ਸਨ। ਕਿ ਉਸ ਨੇ ਸਵੇਰ ਹੋਣ ਤੱਕ ਹਵਾਈ ਮਦਦ ਮਿਲਣ ਤੋਂ ਪਹਿਲਾਂ ਪਾਕਿਸਤਾਨ ਦੇ ਕਰੀਬ ??? ਜਵਾਨ ਮਾਰ ਦਿੱਤੇ ਸਨ ਅਤੇ ?? ਟੈਂਕ ਤਬਾਹ ਕਰ ਦਿੱਤੇ ਸਨ। ਉਸ ਦਾ ਸਿਰਫ ਇੱਕ ਜਵਾਨ ਜਗਜੀਤਸਿੰਘ ਸ਼ਹੀਦ ਹੋਇਆ ਸੀ ਜੋ ਜੰਗ ਦੇ ਰੰਗ ਵਿੱਚ ਰੰਗਿਆ ਮੋਰਚੇ ਤੋਂ ਬਾਹਰ ਆ ਗਿਆ ਸੀ ਤੇ ਸਾਹਾਂ ਦੀ ਡੋਰ ਖਤਮ ਹੋਣ ਤੱਕ ਦੁਸ਼ਮਣਾਂ ਨੂੰ ਲਾਈਟ ਮਸ਼ੀਨਗੰਨ ਨਾਲ ਭੁੰਨਦਾ ਰਿਹਾ ਸੀ।

ਨਿਊਯਾਰਕ ਪ੍ਰੀਤਨਾਮਾ ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਬਲਰਾਜ ਸਿੰਘ ਸਿੱਧੂ ਏ.ਆਈ.ਜੀ
(ਰਿਟਾ)
ਪੰਡੋਰੀ ਸਿੱਧਵਾਂ

ਇਥੇ ਇਹ ਵਰਨਣਯੋਗ ਹੈ ਕਿ ਸੂਰਜ ਦੀ ਪਹਿਲੀ ਕਿਰਨ ਦੇ ਨਾਲ ਹੀ ਚਾਂਦਪੁਰੀ ਦੀ ਮਦਦ ਲਈ ਭਾਰਤੀ ਹਵਾਈ ਫੌਜ ਦੇ ਐਚ.ਐਫ.-?? ਮਾਰੂਤ ਅਤੇ ਹਾਕਰ ਹੰਟਰ ਜਹਾਜ਼ ਚੜ੍ਹ ਆਏ ਸਨ ਤੇ ਉਨ੍ਹਾਂ ਨੇ ਟੀ-?? ਰਾਕਟ ਅਤੇ ?? ਮਿਲੀ ਮੀਟਰ ਤੋਪਾਂ ਨਾਲ ਅੱਗ ਵਰਸਾਉਣੀ ਸ਼ੁਰੂ ਕਰ ਦਿੱਤੀ ਸੀ।ਉਜਾੜ ਇਲਾਕੇ ਵਿੱਚ ਟੈਂਕ ਅਸਾਨ ਨਿਸ਼ਾਨਾ ਬਣਨ ਲੱਗੇ ਤੇ ਏਅਰ ਫੋਰਸ ਨੇ ਕੁੱਲ ?? ਟੈਂਕ ਹੋਰ ਤਬਾਹ ਕਰ ਦਿੱਤੇ। ਇਸ ਤੋਂ ਇਲਾਵਾ ਪਾਕਿਸਤਾਨ ਦੇ ਖੈਰਪੁਰ ਸਟੇਸ਼ਨ 'ਤੇ ਖੜ੍ਹੀ ਟੈਂਕਾਂ, ਤੋਪਾਂ ਅਤੇ ਗੋਲਾ ਬਾਰੂਦ ਨਾਲ ਲੱਦੀ ਇੱਕ ਟਰੇਨ ਵੀ ਨਸ਼ਟ ਕਰ ਦਿੱਤੀ। ਭੱਜ ਰਹੇ ਪਾਕਿਸਤਾਨੀ ਫੌਜੀ ਲੌਂਗੇਵਾਲਾ ਪੋਸਟ ਤੋਂ ਵਰ੍ਹ ਰਹੀਆਂ ਗੋਲੀਆਂ ਦੀ ਵਾਛੜ ਨਾਲ ਡਿੱਗਣ ਲੱਗੇ। ਸਾਰੀ ਰਾਤ ਦੀ ਲੜਾਈ ਕਾਰਨ ਥੱਕੇ ਟੁੱਟੇ ਭਾਰਤੀ ਸੈਨਿਕਾਂ ਨੇ ਪਿੱਛਾ ਨਾ ਕੀਤਾ ਨਹੀਂ ਤਾਂ ਮਰਨ ਵਾਲੇ ਪਾਕਿ ਫੌਜੀਆਂ ਦੀ ਗਿਣਤੀ ਹਜ਼ਾਰਾਂ ਵਿੱਚ ਹੋਣੀ ਸੀ। ਇਸ ਸ਼ਰਮਨਾਕ ਲੱਕ ਤੋੜਵੀਂ ਹਾਰ ਕਾਰਨ ਪਾਕਿਸਤਾਨੀ ਫੌਜ ਦੁਬਾਰਾ ਅਜਿਹਾ ਸੰਗਠਿਤ ਹਮਲਾ ਨਾ ਕਰ ਸਕੀ। ਇਸ ਹਮਲੇ ਦੇ ਸੂਤਰਧਾਰ ਪਾਕਿਸਤਾਨੀ ਮੇਜਰ ਜਨਰਲ ਬੀ ਐਮ ਮੁਸਤਫਾ ਨੂੰ ਕੋਰਟ ਮਾਰਸ਼ਲ ਕਰ ਕੇ ਡਿਸਮਿਸ ਕਰ ਦਿੱਤਾ ਗਿਆ ਸੀ। ਮੇਜਰ ਕੁਲਦੀਪ ਸਿੰਘ ਚਾਂਦਪੁਰੀ ਨੂੰ ਮਹਾਂਵੀਰ ਚੱਕਰ, ਸੂਬੇਦਾਰ ਰਤਨ ਸਿੰਘ ਅਤੇ ਸਿਪਾਹੀ ਜਗਜੀਤ ਸਿੰਘ ਨੂੰ ਵੀਰ ਚੱਕਰ, ਕੈਪਟਨ ਭੈਰੋਂ ਸਿੰਘ, ਨਾਇਬ ਸੂਬੇਦਾਰ ਮਥਰਾ ਦਾਸ ਅਤੇ ਸਿਪਾਹੀ ਬਿਸ਼ਨ ਦਾਸ ਨੂੰ ਸੈਨਾ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਏਅਰਫੋਰਸ ਦੇ ?? ਪਾਇਲਟਾਂ ਨੇ ਇਸ ਯੁੱਧ ਵਿੱਚ ਹਿੱਸਾ ਲਿਆ ਜਿਨ੍ਹਾਂ ਵਿੱਚੋਂ ? ਨੂੰ ਵੀਰ ਚੱਕਰ ਅਤੇ ਜੈਸਲਮੇਰ ਬੇਸ ਦੇ ਕਮਾਂਡਰ ਐਮ.ਐਸ. ਬਾਵਾ ਨੂੰ ਅਤਿ ਵਸ਼ਿਸ਼ਟ ਸੇਵਾ ਮੈਡਲ ਪ੍ਰਦਾਨ ਕੀਤੇ ਗਏ। ਇੱਕ ਸ਼ਾਨਦਾਰ ਸਮਾਰੋਹ ਵਿੱਚ ?? ਪੰਜਾਬ ਰੈਜਮੈਂਟ ਨੂੰ ਲੌਂਗੇਵਾਲਾ ਅਤੇ ਸਿੰਧ ਨਾਮਕ ਜੰਗੀ ਸਨਮਾਨ ਅਤੇ ਝੰਡੇ ਪ੍ਰਦਾਨ ਕੀਤੇ ਗਏ।

ਬਾਰਡਰ ਫਿਲਮ ਵਿੱਚ ਜਿਹੜੇ ਸੈਕੰਡ ਲੈਫਟੀਨੈਂਟ ਧਰਮਵੀਰ, ਹਵਾਲਦਾਰ ਮਥਰਾ ਦਾਸ ਅਤੇ ਨਾਇਬ ਸੂਬੇਦਾਰ ਰਤਨ ਸਿੰਘ ਆਦਿ ਸ਼ਹੀਦ ਹੋਏ ਵਿਖਾਏ ਗਏ ਹਨ, ਉਹ ਗਲਤ ਹੈ। ਇਹ ਵੀ ਵਰਨਣਯੋਗ ਹੈ ਕਿ ਚਾਂਦਪੁਰੀ ਵੱਲੋਂ ਮਦਦ ਮੰਗਣ ਲਈ ਕੀਤੇ ਵਾਇਰਲੈਸ ਮੈਸੇਜ਼ ਦੇ ਜਵਾਬ ਵਿੱਚ ਇਹ ਹੁਕਮ ਆਏ ਸਨ ਕਿ ਉਹ ਲੌਂਗੇਵਾਲਾ ਪੋਸਟ ਛੱਡ ਕੇ ਹੈੱਡਕਵਾਟਰ 'ਤੇ ਆ ਜਾਵੇ। ਪਰ ਇਸ ਯੋਧੇ ਨੇ ਦੇਸ਼ ਦੀ ਇੱਕ ਇੰਚ ਵੀ ਜਗ ?ਹਾ ਛੱਡਣ ਦੀ ਬਜਾਏ ਜੰਗ ਵਿੱਚ ਜੂਝਣ ਦਾ ਫੈਸਲਾ ਕੀਤਾ ਸੀ। ??ਮਾਰਚ ???? ਨੂੰ ਮੇਰੀ ਬਦਲੀ ਮੁੱਖ ਮੰਤਰੀ ਸੁਰੱਖਿਆ ਦੀ ਹੋ ਗਈ ਸੀ ਤੇ ?? ਜੂਨ ???? ਨੂੰ ਸੰਨੀ ਦਿਉਲ ਦੀ ਸੁਪਰ ਹਿੱਟ ਫਿਲਮ ਬਾਰਡਰ ਰਿਲੀਜ਼ਹੋਈ ਜਿਸ ਨੇ ਬਾਕਸ ਆਫਿਸ 'ਤੇ ਤਰਥੱਲੀ ਮਚਾ ਦਿੱਤੀ। ਇਸ ਫਿਲਮ ਕਾਰਨ ਬਰਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਦਾ ਨਾਮ ਦੇਸ਼ ਦੇ ਕੋਨੇ ਕੋਨੇ ਵਿੱਚ ਫੈਲ ਗਿਆ। ਜਦੋਂ ਮੈਂ ਇਹ ਫਿਲਮ ਦੇਖੀ ਤਾਂ ਹੈਰਾਨ ਰਹਿ ਗਿਆ ਕਿ ਇਹ ਤਾਂ ਉਹ ਹੀ ਬੰਦਾ ਹੈ ਜਿਸ ਨਾਲ ਮੈਂ ਚਾਹ ਪੀਂਦਾ ਰਿਹਾ ਸੀ। ਮੈਂ ਅਗਲੇ ਹੀ ਦਿਨ ਤਤਕਾਲੀ ਐਸ.ਐਚ.ਉ. ਫੇਜ਼ ? ਨੂੰ ਫੋਨ ਕੀਤਾ ਕਿ ਮੈਂ ਬਰਗੇਡੀਅਰ ਚਾਂਦਪੁਰੀ ਨੂੰ ਮਿਲਣਾ ਹੈ, ਜਰਾ ਗੋਦਰੇਜ਼ ਫੈਕਟਰੀ ਤੋਂ ਪਤਾ ਕਰ ਦਿਉ। ਦੋ ਕੁ ਘੰਟਿਆਂ ਬਾਅਦ ਉਸ ਦਾ ਫੋਨ ਆਇਆ ਕਿ ਉਹ ਤਾਂ ਇਥੋਂ ਬਦਲ ਕੇ ਮੁੰਬਈ ਹੈੱਡਕਵਾਟਰ ਜਾ ਚੁੱਕਾ ਹੈ। ਉਸ ਤੋਂ ਬਾਅਦ ਵੀ ਮੈਂ ਬਹੁਤ ਕੋਸ਼ਿਸ਼ ਕੀਤੀ, ਪਰ ਦੁਬਾਰਾ ਮੇਲ ਨਹੀਂ ਹੋ ਸਕਿਆ। ?? ਨਵੰਬਰ ???? ਨੂੰ ਇਹ ਸੂਰਮਾ ਸਵਰਗਵਾਸ ਹੋ ਗਿਆ।

# ਸਬਰ ਸੰਤੋਖ ਨਾਲ ਭਰਿਆ ਮਨੁੱਖ

'ਸਬਰ ਦਾ ਫ਼ਲ ਮਿੱਠਾ ਹੁੰਦਾ ਹੈ' ਅਕਸਰ ਸੁਣਿਆ ਹੋਵੇਗਾ, ਸਬਰ ਕਰਨਾ ਇੱਕ ਆਤਮ-ਪ੍ਰੀਖਿਆ ਹੈ ਅਤੇ ਇਸ ਵਿੱਚ ਪਾਸ ਹੋਣਾ, ਤੁਹਾਡਾ ਇੱਕ ਸਦਗੁਣ ਹੈ। ਸਫਲਤਾ ਸਿਰਫ਼ ਉਨ੍ਹਾਂ ਨੂੰ ਹੀ ਮਿਲਦੀ ਹੈ ਜੋ ਅਸਫਲਤਾ ਅੱਗੇ ਸਬਰ ਰੱਖਦੇ ਹਨ ਅਤੇ ਨਿਰੰਤਰ ਆਪਣੀ ਮਿਹਨਤ ਜਾਰੀ ਰੱਖਦੇ ਹਨ। ਇਨਸਾਨ ਦੇ ਤਮਾਮ ਗੁਣਾਂ ਵਿੱਚੋਂ ਇੱਕ ਸਬਰ ਵੀ ਹੈ। ਸਬਰ ਜਾਂ ਧੀਰਜ ਮੁਸ਼ਕਲਾਂ ਨੂੰ ਸਹਿਣ ਕਰਨ ਦੀ ਸਮਰੱਥਾ ਨੂੰ ਵਧਾਉਂਦਾ ਹੈ ਅਤੇ ਸਾਨੂੰ ਜ਼ਿੰਦਗੀ ਦਾ ਹੋਰ ਆਨੰਦ ਲੈਣ ਵਿੱਚ ਮਦਦ ਕਰਦਾ ਹੈ। ਇਹ ਤੁਹਾਡੀ ਸਫਲਤਾ ਦੀਆਂ ਸੰਭਾਵਨਾਵਾਂ ਨੂੰ ਕਾਫ਼ੀ ਵਧਾਉਂਦਾ ਹੈ।

ਸਬਰ ਨੂੰ ਆਪਣੇ ਆਪ ਵਿੱਚ ਪੈਦਾ ਕੀਤਾ ਜਾ ਸਕਦਾ ਹੈ ਅਤੇ ਇਸਦਾ ਅਭਿਆਸ ਕੀਤਾ ਜਾ ਸਕਦਾ ਹੈ। ਇਹ ਉਦੋਂ ਆਉਂਦਾ ਹੈ ਜਦੋਂ ਕੋਈ ਭਾਵਨਾਵਾਂ ਦੀ ਬਜਾਏ ਵਿਚਾਰਾਂ ਦੀ ਕਦਰ ਕਰਦਾ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਧੀਰਜ ਸਫਲਤਾ ਲਈ ਜ਼ਰੂਰੀ ਹੈ ਕਿਉਂਕਿ ਇਹ ਸਾਨੂੰ ਆਪਣੇ ਟੀਚਿਆਂ ਅਤੇ ਇੱਛਾਵਾਂ ਨੂੰ ਪ੍ਰਾਪਤ ਕਰਨ ਵਿੱਚ ਸਾਰੀਆਂ ਰੁਕਾਵਟਾਂ ਨੂੰ ਦੂਰ ਕਰਨ ਲਈ ਸਾਡੀ ਊਰਜਾ ਨੂੰ ਬਣਾਈ ਰੱਖਣ ਵਿੱਚ ਮਦਦ ਕਰਦਾ ਹੈ। ਜਦੋਂ ਅਸੀਂ ਜ਼ਿੰਦਗੀ ਵਿੱਚ ਕੁਝ ਮਹੱਤਵਪੂਰਨ ਪ੍ਰਾਪਤ ਕਰਨਾ ਚਾਹੁੰਦੇ ਹਾਂ, ਤਾਂ ਸਾਨੂੰ ਸਬਰ ਕਰਨਾ ਆਉਣਾ ਚਾਹੀਦਾ ਹੈ। ਇਹ ਇੱਕ ਹੁਨਰ ਹੈ ਜਿਸਨੂੰ ਹਰ ਕਿਸੇ ਨੂੰ ਆਪਣੇ ਆਪ ਵਿੱਚ ਵਿਕਸਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਸਬਰ, ਸੰਜਮ ਦਾ ਅਭਿਆਸ ਹੈ। ਇਹ ਸਾਨੂੰ ਊਰਜਾ, ਤਾਕਤ ਅਤੇ ਉਤਸ਼ਾਹ ਪ੍ਰਦਾਨ ਕਰਦਾ ਹੈ। ਇਸ ਵਿੱਚ ਤੁਹਾਡੀਆਂ ਭਾਵਨਾਵਾਂ ਨੂੰ ਸਮਝਣਾ ਅਤੇ ਸਥਿਤੀ ਦਾ ਵਿਸ਼ਲੇਸ਼ਣ ਕਰਨਾ ਸ਼ਾਮਲ ਹੈ। ਜਦੋਂ ਤੁਸੀਂ ਧੀਰਜ ਰੱਖਦੇ ਹੋ, ਤਾਂ ਤੁਸੀਂ ਰੁਕਦੇ ਹੋ ਅਤੇ ਵਿਆਪਕ ਦ੍ਰਿਸ਼ਟੀਕੋਣ 'ਤੇ ਵਿਚਾਰ ਕਰਦੇ ਹੋ, ਨਾ ਸਿਰਫ਼ ਮੌਜੂਦਾ ਸਮੇਂ ਵਿੱਚ ਤੁਹਾਡੀਆਂ ਕਾਰਵਾਈਆਂ, ਸਗੋਂ ਉਨ੍ਹਾਂ ਦੇ ਭਵਿੱਖ ਦੇ ਨਤੀਜਿਆਂ 'ਤੇ ਵੀ। ਜਦੋਂ ਅਸੀਂ ਚਿੜਚਿੜੇ ਹੁੰਦੇ ਹਾਂ, ਤਾਂ ਸਾਨੂੰ ਧੀਰਜ ਰੱਖਣਾ ਯਾਦ ਰੱਖਣਾ ਚਾਹੀਦਾ ਹੈ। ਇਹ ਇੱਕ ਖੁਸ਼ਹਾਲ ਅਤੇ ਸ਼ਾਂਤੀਪੂਰਨ ਜੀਵਨ ਲਈ ਰਾਹ ਪੱਧਰਾ ਕਰਦਾ ਹੈ। ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਸਫਲਤਾ ਲਈ ਸਬਰ ਕਿੰਨਾ ਮਹੱਤਵਪੂਰਨ ਹੈ, ਕਿਉਂਕਿ ਚੰਗੀਆਂ ਚੀਜ਼ਾਂ ਵਿੱਚ ਸਮਾਂ ਲੱਗਦਾ ਹੈ। ਇਹ ਸਾਡੇ ਟੀਚਿਆਂ ਅਤੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਹ ਸਾਡੀ ਦ੍ਰਿੜਤਾ ਨੂੰ ਵਧਾਉਂਦਾ ਹੈ।

ਸਬਰ ਸਾਨੂੰ ਵਧੇਰੇ ਆਸ਼ਾਵਾਦੀ ਸੋਚ ਵਿਕਸਤ ਕਰਨ ਅਤੇ ਬਿਹਤਰ ਫੈਸਲੇ ਲੈਣ ਵਿੱਚ ਮਦਦ ਕਰਦਾ ਹੈ। ਜਦੋਂ ਤੁਸੀਂ ਭਾਵਨਾਵਾਂ ਨਾਲ ਭਰੇ ਹੁੰਦੇ ਹੋ, ਤਾਂ ਤੁਸੀਂ ਸਭ ਤੋਂ ਵਧੀਆ ਫੈਸਲੇ ਨਹੀਂ ਲੈ ਸਕਦੇ। ਤੁਹਾਡਾ ਦਿਮਾਗ ਸੋਚ ਨਹੀਂ ਸਕਦਾ ਕਿਉਂਕਿ ਇਹ ਸਿਰਫ ਤੁਹਾਡੀਆਂ ਭਾਵਨਾਵਾਂ ਨੂੰ ਸਮਝਦਾ ਹੈ, ਜੋ ਪਲ ਭਰ ਲਈ ਤੁਹਾਡੀ ਤਰਕਸੰਗਤ ਸੋਚ ਤੇ ਭਾਰੂ ਹੋ ਸਕਦੀਆਂ ਹਨ। ਇਸ ਲਈ ਤਰਕਸ਼ੀਲ ਫੈਸਲੇ ਲੈਣ ਲਈ ਧੀਰਜ ਬਹੁਤ ਜ਼ਰੂਰੀ ਹੈ।

ਨਿਊਯਾਰਕ ਪ੍ਰੀਤਨਾਮਾ ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਗੋਬਿੰਦਰ ਸਿੰਘ ਢੀਂਡਸਾ
ਪਿੰਡ ਤੇ ਡਾਕ. ਬਰੜ੍ਹਵਾਲ (ਧੂਰੀ)

ਧੀਰਜ ਦਾ ਇੱਕ ਫਾਇਦਾ ਇਹ ਹੈ ਕਿ ਇਹ ਤੁਹਾਨੂੰ ਤਣਾਅ ਮਹਿਸੂਸ ਕਰਨ ਦੀ ਬਜਾਏ ਆਰਾਮ ਕਰਨ ਦੀ ਆਗਿਆ ਦਿੰਦਾ ਹੈ। ਸਬਰ ਦੀ ਮਹੱਤਤਾ ਅਤੇ ਇਸਦੇ ਅਰਥ ਦੀ ਆਪਣੀ ਵਿਸ਼ਾਲਤਾ ਹੈ। ਇਹ ਚਿੜਚਿੜੇ, ਪਰੇਸ਼ਾਨ ਜਾਂ ਗੁੱਸੇ ਹੋਏ ਬਿਨਾਂ ਉਡੀਕ ਕਰਨ ਦੀ ਯੋਗਤਾ ਹੈ। ਇਹ ਉਦੋਂ ਹੁੰਦਾ ਹੈ ਜਦੋਂ ਤੁਸੀਂ ਭੜਕਣ ਅਤੇ ਸ਼ਿਕਾਇਤ ਕਰਨ ਦੀ ਬਜਾਏ ਸੰਜਮ ਦੀ ਵਰਤੋਂ ਕਰਦੇ ਹੋ। ਜਦੋਂ ਚੀਜ਼ਾਂ ਤੁਹਾਡੀ ਉਮੀਦ ਅਨੁਸਾਰ ਨਹੀਂ ਹੁੰਦੀਆਂ ਅਤੇ ਅੰਦਰੂਨੀ ਸ਼ਾਂਤੀ ਪ੍ਰਾਪਤ ਕਰਨਾ ਸਬਰ ਦੀ ਪਹਿਲ ਹੁੰਦੀ ਹੈ।

ਸਬਰ ਸੰਤੋਖ ਨਾਲ ਭਰਿਆ ਮਨੁੱਖ ਜ਼ਿੰਦਗੀ ਨੂੰ ਬਿਹਤਰ ਮਾਣਦਾ ਹੈ। ਜੋ ਇਨਸਾਨ ਸਬਰ ਦਾ ਪੱਲਾ ਫੜ੍ਹਕੇ ਰੱਖਦੇ ਹਨ ਤਾਂ ਉਹ ਮਾਨਸਿਕ ਤੌਰ ਤੇ ਤਾਂ ਸਿਹਤਮੰਦ ਹੁੰਦੇ ਹੀ ਹਨ ਉੱਥੇ ਹੀ ਆਪਣੀ ਜ਼ਿੰਦਗੀ ਵਿੱਚ ਖ਼ੁਸ਼ਹਾਲੀ ਨੂੰ ਸੱਦਾ ਦਿੰਦੇ ਹਨ।

# ਸੈੱਲਫੋਨ ਟਾਵਰ ਅਤੇ ਸੈੱਲਫੋਨ ਰੇਡੀਏਸ਼ਨ ਦੇ ਗੰਭੀਰ ਖਤਰੇ

ਡਿਜੀਟਲ ਤਕਨੀਕ ਵਿੱਚ ਬਹੁਤ ਜ਼ਿਆਦਾ ਤਰੱਕੀ ਹੋਈ ਹੈ ਜਿਸ ਨਾਲ ਸਾਡੀ ਵਰਤੋਂ ਦੀਆਂ ਆਮ ਖਾਸ ਜ਼ਰੂਰੀ ਵਸਤਾਂ ਸਾਇੰਸਦਾਨਾਂ ਨੇ ਤਿਆਰ ਕਰ ਦਿੱਤੀਆਂ ਹਨ ਜਦੋਂ ਦਾ ਸਾਇੰਸ ਯੁੱਗ ਦਾ ਪ੍ਰਸਾਰ ਹੋਇਆ ਹੈ ਸਭ ਤੋਂ ਪਹਿਲਾਂ ਸਾਡੇ ਲਈ ਐਲੋਪੈਥੀ ਅੰਗਰੇਜ਼ੀ ਦਵਾਈਆਂ ਬਾਜ਼ਾਰ ਵਿੱਚ ਆਈਆਂ ਤੇ ਨਾਲ ਹੀ ਸਰਜੀਕਲ ਤਕਨੀਕ ਪ੍ਰਫੁੱਲਤ ਹੋਈ ਇਹਨਾਂ ਦੋਨਾਂ ਤਕਨੀਕਾਂ ਨਾਲ ਤੁਰੰਤ ਫਾਇਦਾ ਹੁੰਦਾ ਹੈ ਪਰ ਇਹ ਇੱਕ ਪੱਖ ਹੈ ਦੂਸਰਾ ਪੱਖ ਅੰਗਰੇਜ਼ੀ ਦਵਾਈਆਂ ਨਾਲ ਇੱਕ ਬਿਮਾਰੀ ਦਾ ਇਲਾਜ ਤਾਂ ਹੋ ਜਾਂਦਾ ਹੈ ਪਰ ਹੋਰ ਕਿੰਨੀਆਂ ਸਹੇੜ ਲਈਆਂ ਜਾਂਦੀਆਂ ਹਨ ਉਸ ਦੇ ਵਰਤੋਂਕਾਰ ਨੂੰ ਕੋਈ ਪਤਾ ਨਹੀਂ ਦਵਾਈਆਂ ਬਣਾਉਣ ਤੇ ਵੇਚਣ ਵਾਲੇ ਦੱਸਣਗੇ ਨਹੀਂ ਕਿਉਂਕਿ ਕਮਾਈ ਹੈ ਸਰਜੀਕਲ ਅਪਰੇਸ਼ਨ ਗੰਭੀਰ ਬਿਮਾਰੀ ਤੋਂ ਫਾਇਦਾ ਮਿਲ ਜਾਂਦਾ ਹੈ ਪਰ ਪੂਰਨ ਰੂਪ ਵਿੱਚ ਕਦੇ ਸੁਧਾਰ ਹੁੰਦਾ ਨਹੀਂ ਵੇਖਿਆ ਮੈਂ ਖੁਦ ਆਪਣੇ ਦੋਨੋਂ ਕੁੱਲੇ ਬਦਲੀ ਕਰਵਾਏ ਹਨ ਦਰਦ ਰੁਕਿਆ ਚੱਲਣ ਫਿਰਨ ਲੱਗ ਗਿਆ ਪਰ ਜ਼ਿੰਦਗੀ ਦੇ ਆਮ ਕੰਮ ਕਰਨ ਦੇ ਯੋਗ ਨਹੀਂ ਬੱਸ ਜਾਨ ਬੱਚੀ ਤੋਂ ਲਾਖੋਂ ਪਾਏ ਡਿਜੀਟਲ ਤਕਨੀਕ ਦੇ ਵਿੱਚ ਸਭ ਤੋਂ ਜ਼ਿਆਦਾ ਸਾਡੇ ਉੱਤੇ ਪ੍ਰਭਾਵ ਸੈੱਲ ਫੋਨ ਦਾ ਪਿਆ ਹੈ ਹਰ ਤਰਾਂ ਦੀ ਜ਼ਰੂਰਤ ਪੂਰੀ ਕਰਨ ਲਈ ਇਹ ਬਹੁਤ ਉੱਚ ਪੱਧਰ ਦੀ ਚੀਜ਼ ਹੈ ਪਰ ਜ਼ਰੂਰੀ ਕੰਮ ਲੈਣ ਵਾਲੇ ਬਹੁਤ ਘੱਟ ਗਾਹਕ ਹਨ ਸਭ ਤੋਂ ਵੱਧ ਫੈਸ਼ਨ ਤੇ ਮਨੋਰੰਜਨ ਹਰੇਕ ਵਿਅਕਤੀ ਦਾ ਮੁੱਖ ਮੁੱਦਾ ਬਣ ਗਿਆ ਹੈ ਨੌਜਵਾਨ ਪੀੜ੍ਹੀ ਕੋਲ ਇੱਕ ਤੋਂ ਵੱਧ ਫੋਨ ਵਿਖਾਵਾਕਾਰੀ ਲਈ ਖ਼ਰੀਦੇ ਹੋਏ ਹਨ ਭਾਰਤ ਵਿੱਚ ਆਮ ਹਿਸਾਬ ਲਗਾਇਆ ਜਾਵੇ ਤਾਂ 80-85 ਲੋਕ ਵੱਖ ਵੱਖ ਤਰ੍ਹਾਂ ਦੇ ਸੈੱਲ ਫੋਨਾਂ ਦੀ ਵਰਤੋਂ ਕਰਦੇ ਹਨ ਬਹੁਤਾਤ ਅੱਜ ਕੱਲ੍ਹ ਸਮਾਰਟ ਫੋਨਾਂ ਦੀ ਹੈ ਸੈੱਲਫੋਨ ਨੂੰ ਸਾਡੀ ਭਾਸ਼ਾ ਵਿੱਚ ਮੋਬਾਈਲ ਫੋਨ ਬੋਲਿਆ ਜਾਂਦਾ ਹੈ ਸੋ ਮੇਰਾ ਵੀ ਫ਼ਰਜ਼ ਬਣਦਾ ਹੈ ਕਿ ਆਮ ਵਰਤੋਂ ਵਿੱਚ ਵਾਲੇ ਮੋਬਾਈਲ ਫੋਨ ਨਾ ਨੂੰ ਹੀ ਵਰਤਿਆ ਜਾਵੇ ਤਾਂ ਜੋ ਸਮਝਣ ਵਾਲੇ ਪਾਠਕਾਂ ਨੂੰ ਕੋਈ ਮੁਸ਼ਕਿਲ ਨਾ ਆਵੇ ਸਾਡੇ ਮਹਾਨ ਭਾਰਤ ਵਿੱਚ ਸੌ ਕਰੋੜ ਮੋਬਾਇਲ ਯੰਤਰ ਹਨ ਤਕਰੀਬਨ ਵੇਖਿਆ ਜਾਵੇ 3.75000 ਹਜ਼ਾਰ ਤੋਂ ਵੱਧ ਸਾਡੇ ਦੇਸ਼ ਵਿੱਚ ਮੋਬਾਈਲ ਟਾਵਰ ਹਨ ਮੋਬਾਈਲ ਫੋਨ ਵਿੱਚ ਪ੍ਰਾਈਵੇਟ ਕੰਪਨੀਆਂ ਜਿਨ੍ਹਾਂ ਵਿੱਚੋਂ ਬਹੁ ਪ੍ਰਤੀਸ਼ਤ ਵਿਦੇਸ਼ੀ ਹਨ ਜਿਨ੍ਹਾਂ ਨੇ ਆਪਣੀ ਆਮਦਨ ਵੇਖਣੀ ਹੈ ਵੱਧ ਤੋਂ ਵੱਧ ਟਾਵਰ ਬਹੁ ਗਿਣਤੀ ਵਾਲੀ ਆਬਾਦੀ ਵਿੱਚ ਸਥਾਪਤ ਕੀਤੇ ਗਏ ਹਨ ਗਾਹਕ ਵੀ ਉਸੇ ਫੋਨ ਦਾ ਸਿਮ ਕਾਰਡ ਖਰੀਦਣ ਨੂੰ ਪਹਿਲ ਦਿੰਦੇ ਹਨ ਜਿਸ ਦਾ ਸਿਗਨਲ ਬਹੁਤ ਵਧੀਆ ਮਿਲਦਾ ਹੋਵੇ ਪ੍ਰਿੰਟ ਮੀਡੀਆ ਤੇ ਸੋਸ਼ਲ ਮੀਡੀਆ ਵਿੱਚ ਕੁਝ ਵਿਗਿਆਨੀਆਂ ਨੇ ਲੋਕ ਹਿੱਤ ਪੱਖ ਜਨਤਾ ਦੇ ਸਾਹਮਣੇ ਰੱਖਿਆ ਕਿ ਟਾਵਰ ਅਤੇ ਫੋਨ ਵਿੱਚੋਂ ਵਰਤੋਂ ਸਮੇਂ ਨਿੱਕਲਣ ਵਾਲੀਆਂ ਤਰੰਗਾਂ ਆਦਮੀ ਅਤੇ ਜਾਨਵਰਾਂ ਲਈ ਬੇਹੱਦ ਨੁਕਸਾਨਦੇਹ ਹਨ ਬੇਸ਼ੱਕ ਸਾਡੇ ਸਰੀਰ ਦੀ ਰਸਾਇਣਕ ਕਿਰਿਆ ਤਾਂ ਨਹੀਂ ਤੋੜ ਸਕਦੀਆਂ ਪਰ ਦਿਮਾਗ ਤੇ ਇਨ੍ਹਾਂ ਦਾ ਬਹੁਤ ਡੂੰਘਾ ਅਸਰ ਪੈਂਦਾ ਹੈ ਜੋ ਕੈਂਸਰ ਦੀ ਨਾਮੁਰਾਦ ਬਿਮਾਰੀ ਨੂੰ ਸੱਦਾ ਹੈ ਦਿਮਾਗੀ ਅਤੇ ਕੰਨਾਂ ਵਿੱਚ ਚਾਰ ਗੁਣਾ ਵੱਧ ਰਸੌਲੀਆਂ ਉਤਪੰਨ ਹੋ ਸਕਦੀਆਂ ਹਨ ਅਜਿਹਾ ਹੋ ਵੀ ਰਿਹਾ ਹੈ ਪਰ ਕਾਰਨ ਕਿਹੜਾ ਹੈ ਆਪਾਂ ਜਾਨਣਾ ਨਹੀਂ ਚਾਹੁੰਦੇ ਡਾਕਟਰਾਂ ਦੱਸ ਨਹੀਂ ਰਹੇ ਬੱਸ ਇਲਾਜ ਪ੍ਰਣਾਲੀ ਚਾਲੂ ਕਰੋ ਮੋਬਾਈਲ ਫੋਨ ਦੀਆਂ ਧੁਨਾਂ ਦਿਮਾਗ ਵਿਚਲੀ ਸਾਡੀ ਪਰਤ ਤੋੜ ਸਕਦੀਆਂ ਹਨ ਅੱਜਕਲ ਇਨਸਾਨਾਂ ਵਿੱਚ ਮਾਨਸਿਕ ਤਣਾਅ ਆਮ ਵੇਖਿਆ ਜਾਂਦਾ ਹੈ ਨੀਂਦ ਘੱਟ ਆਉਣ ਪਿੱਛੇ ਵੀ ਤਰੰਗਾਂ ਦਾ ਅਸਰ ਜ਼ਰੂਰ ਹੈ ਦੂਸਰੀ ਖਾਸ ਗੱਲ ਮੋਬਾਈਲ ਫੋਨ ਦੀ ਸਾਡੀ ਅੰਧਾਧੁੰਦ ਵਰਤੋਂ ਹੈ ਸਰੀਰ ਨੂੰ ਆਰਾਮ ਨਾ ਮਿਲੇ ਤਾਂ ਗੰਭੀਰ ਬਿਮਾਰੀਆਂ ਜ਼ਰੂਰ ਪੈਦਾ ਹੋਣਗੀਆਂ ਸਇੰਸਦਾਨ ਤੇ ਡਾਕਟਰ ਆਮ ਦੱਸਦੇ ਹਨ ਕਿ ਅਗਲੀ ਜੇਬ ਵਿੱਚ ਫੋਨ ਰੱਖਣ ਨਾਲ ਮਰਦਾਨਾ ਸ਼ਕਤੀ ਘੱਟਦੀ ਹੈ ਮਹਿਲਾਵਾਂ ਜੋ ਗਰਭਵਤੀ ਹਨ ਟਾਵਰ ਦੇ



ਨੇੜੇ ਰਹਿੰਦੀਆਂ ਹੋਣ ਤਾਂ ਗਰਭਪਾਤ ਹੋ ਜਾਣਾ ਮਾਮੂਲੀ ਗੱਲ ਹੈ ਇਹ ਗੰਭੀਰ ਅਸਰ ਸਿਰਫ ਸੁਣਨ ਲਈ ਹਨ ਅਸਲੀ ਤੱਥ ਕੀ ਹੈ ਕੀ ਅਸੀਂ ਕਦੇ ਸੋਚਿਆ ਹੈ ਸਮਾਜਕ ਜੱਥੇਬੰਦੀਆਂ ਖ਼ਾਸ ਤੌਰ ਤੇ ਸ਼ਹਿਰਾਂ ਵਿੱਚ ਕਦੇ ਕਦੇ ਇਹ ਆਵਾਜ਼ ਉਠਾਉਂਦੀਆਂ ਹਨ ਕਿ ਸੰਘਣੀ ਆਬਾਦੀ ਵਿਚ ਟਾਵਰ ਖਤਰਨਾਕ ਹੈ ਕਦੇ ਕਿਤੇ ਛੋਟਾ ਮੋਟਾ ਧਰਨਾ ਜਾਂ ਥੋੜ੍ਹੇ ਬਹੁਤ ਲੋਕਾਂ ਦਾ ਇਕੱਠ ਨਾਅਰੇ ਮਾਰਦਾ ਵਿਖਾਈ ਦਿੰਦਾ ਹੈ ਪਰ ਅਚਾਨਕ ਹੀ ਬੰਦ ਹੋ ਜਾਂਦਾ ਹੈ ਕਿਉਂਕਿ ਵਪਾਰ ਕਰਨ ਵਾਲੀਆਂ ਕੰਪਨੀਆਂ ਬਹੁਤ ਅਮੀਰ ਹਨ ਵਿਰੋਧ ਕਰਨ ਵਾਲਿਆਂ ਨੂੰ ਚੁੱਪ ਕਰਾਉਣਾ ਉਨਾਂ ਨੂੰ ਭਲੀ ਭਾਂਤ ਆਉਂਦਾ ਹੈ ਸਾਡੀਆਂ ਸਰਕਾਰਾਂ ਤੇ ਪ੍ਰਸ਼ਾਸਨ ਇਨ੍ਹਾਂ ਦਾ ਆਧਾਰ ਵਪਾਰਕ ਕੰਪਨੀਆਂ ਹੀ ਹਨ ਸਰਕਾਰਾਂ ਰਾਜਨੀਤਕ ਪਾਰਟੀਆਂ ਦੀਆਂ ਹਨ ਤੇ ਪ੍ਰਸ਼ਾਸਨ ਸਰਕਾਰ ਵੱਲੋਂ ਆਏ ਸੁਨੇਹੇ ਤੇ ਹੀ ਕਾਰਵਾਈ ਕਰਦਾ ਹੈ ਸਾਡੇ ਨੇਤਾ ਤੇ ਪ੍ਰਸ਼ਾਸਨ ਅਧਿਕਾਰੀ ਇਨ੍ਹਾਂ ਤਰੰਗਾਂ ਦਾ ਸਾਡੇ ਸਰੀਰ ਤੇ ਹੋਣ ਵਾਲਾ ਮੰਦਾ ਹਾਲ ਜਾਣਦੇ ਹਨ ਪਰ ਕੌਣ ਕਹੇ ਰਾਣੀ ਅੱਗਾ ਢੱਕ ਤਿੰਨ ਕੁ ਦਹਾਕਿਆਂ ਤੋਂ ਮੈਂ ਮਰਚੈਂਟ ਨੇਵੀ ਵਿੱਚ ਨੌਕਰੀ ਕਰਦੇ ਹੋਏ ਸੈਂਕੜੇ ਦੇਸ਼ਾਂ ਵਿੱਚ ਘੁੰਮਿਆ ਹਾਂ ਉੱਥੋ ਦੇ ਲੋਕ ਮੋਬਾਇਲ ਫੋਨ ਦੀ ਵਰਤੋਂ ਜ਼ਰੂਰ ਕਰਦੇ ਹਨ ਪਰ ਉਨ੍ਹਾਂ ਦਾ ਖ਼ਾਸ ਤਰੀਕਾ ਪਾਠਕਾਂ ਨੂੰ ਦੱਸਣਾ ਬਣਦਾ ਹੈ ਸੜਕਾਂ ਦੇ ਉੱਤੇ ਫੋਨ ਲੈ ਕੇ ਘੁੰਮਦੇ ਆਮ ਲੋਕ ਮੈਂ ਨਹੀਂ ਕਦੇ ਨਹੀ ਵੇਖੇ ਪਬਲਿਕ ਥਾਵਾਂ ਵੱਡੇ ਵੱਡੇ ਮਾਲ ਤੇ ਹੋਟਲਾਂ ਵਿੱਚ ਵੀ ਮੈਂ ਕਦੇ ਕੋਈ ਫੋਨ ਦੀ ਵਰਤੋਂ ਕਰਦੇ ਹੋਏ ਨਹੀਂ ਦੇਖਿਆ ਸਾਡੇ ਜਹਾਜ਼ ਵਿੱਚ ਇਮੀਗ੍ਰੇਸ਼ਨ ਅਫਸਰ ਸਾਡੇ ਕਾਗ਼ਜ਼ਾਤ ਵੇਖਣ ਲਈ ਆਉਂਦੇ ਹਨ ਉਨ੍ਹਾਂ ਨੇ ਆਪਣਾ ਮੋਬਾਈਲ ਫ਼ੋਨ ਬੈਗ ਜਾਂ ਬਰੀਫਕੇਸ ਵਿੱਚ ਰੱਖਿਆ ਹੁੰਦਾ ਹੈ ਜਦੋਂ ਜ਼ਰੂਰਤ ਪੈਂਦੀ ਹੈ ਤਾਂ ਉਸ ਨੂੰ ਬਾਹਰ ਕੱਢਦੇ ਹਨ ਜੋ ਕਿ ਬੰਦ ਹੁੰਦਾ ਹੈ ਚਾਲੂ ਕਰਕੇ ਜ਼ਰੂਰੀ ਗੱਲ ਕਰਦੇ ਹਨ ਉਸ ਤੋਂ ਬਾਅਦ ਬੰਦ ਕਰਕੇ ਫੇਰ ਸੰਤੋਖ ਕੇ ਸੁੱਖ ਆਸਣ ਦੀ ਦਿਸ਼ਾ ਵਿੱਚ ਆਪਣੇ ਬੈਗ ਵਿੱਚ ਪਾ ਦਿੱਤਾ ਜਾਂਦਾ ਹੈ ਦਫਤਰ ਹੋਟਲ ਤੇ ਲੋਕਾਂ ਲਈ ਫੋਨ ਕਰਨ ਲਈ ਲੱਗੇ ਬੂਥ ਲੈਂਡਲਾਈਨ ਫੋਨ ਹੀ ਹੁੰਦੇ ਹਨ ਉੱਥੋਂ ਦੀਆਂ ਵਪਾਰਕ ਕੰਪਨੀਆਂ ਜਹਾਜ਼ ਵਿੱਚ ਕਮਾਈ ਕਰਨ ਲਈ ਜੋ ਫੋਨ ਲੈ ਕੇ ਆਉਂਦੀਆਂ ਹਨ ਨਵੀਂ ਤਕਨੀਕ ਨਾਲ ਬੇਤਾਰ ਲੈਂਡ ਲਾਈਨ ਵਾਲੇ ਫੋਨ ਨਾਲ ਮਿਲਾਉਣ ਵਾਲੇ ਸੈੱਟ ਹੀ ਉਨ੍ਹਾਂ ਕੋਲ ਹੁੰਦੇ ਹਨ ਸਮੁੰਦਰੀ ਜਹਾਜ਼ ਵਿੱਚ ਵੀ ਸਾਨੂੰ ਸੀਮਤ ਥਾਵਾਂ ਤੇ ਹੀ ਮੋਬਾਈਲ ਫੋਨ ਦੀ ਵਰਤੋਂ ਕਰਨ ਦੀ ਇਜਾਜ਼ਤ ਹੈ ਸਾਡੀ ਵਰਤੋਂ ਲਈ ਕੰਪਨੀ ਆਪਣੇ ਵੱਲੋਂ ਸੈਟੇਲਾਈਟ ਫੋਨ ਲਗਾ ਕੇ ਰੱਖਦੀ ਹੈ ਜਿਸ ਵਿੱਚ ਫੋਨ ਕਰਨ ਲਈ ਬਹੁਤ ਥੋੜ੍ਹੀ ਕੀਮਤ ਦੇਣੀ ਪੈਂਦੀ ਹੈ ਸੰਗਤ ਜੀ ਹੁਣ ਆਪਾਂ ਪਹਿਲੀ ਥਾਂ ਤੇ ਆ ਜਾਓ ਜਿੱਥੇ ਆਪਾਂ ਪਹਿਲਾਂ ਸੀ ਭਾਰਤ ਵਰਸ਼ ਦੀ ਗੱਲ ਕਰ ਰਹੇ ਸੀ ਮੋਬਾਈਲ ਟਾਵਰਾਂ ਤੇ ਮੋਬਾਈਲ ਫੋਨਾਂ ਦਾ ਸਾਡੇ ਵਾਤਾਵਰਨ ਅਤੇ ਆਲੇ ਦੁਆਲੇ ਨੂੰ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ

# ਪਟਿਆਲਾ: ਵਿਦਿਆਰਥੀਆਂ ਦੇ ਸੈਰ-ਸਪਾਟੇ ਦਾ ਕੇਂਦਰ



ਨਵੰਬਰ ਦੇ ਅਖੀਰ ਅਤੇ ਦਸੰਬਰ ਮਹੀਨੇ ਵਿੱਚ ਮੱਠੀ ਤੋਂ ਥੋੜ੍ਹੀ ਜ਼ਿਆਦਾ ਠੰਢ ਪੈਣੀ ਸ਼ੁਰੂ ਹੋ ਜਾਂਦੀ ਹੈ। ਬੇਸ਼ੱਕ ਮੌਸਮ ਬਦਲਣ ਨਾਲ ? ਕੁੱਝ ਮੌਸਮੀ ਵਾਇਰਸਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਥੋੜ੍ਹੀ ਜਿਹੀ ਆਪਣੇ ਆਲ ?-ਦੁਆਲ ? ਦੀ ਅਤੇ ? ਆਪਣੇ ਖ਼ੁਦ ਦੀ ਸਫਾਈ ਵੱਲ ਧਿਆਨ ਦਿੰਦਿਆਂ ਅਜਿਹੇ ਵਾਇਰਸਾਂ ਤੋਂ ਬਚਿਆ ਜਾ ਸਕਦਾ ਹੈ। ਨਵੰਬਰ ਦਾ ਮਹੀਨਾ ਤੇ ਦਸੰਬਰ ਦੇ ਪਹਿਲੇ ਕੁੱਝ ਦਿਨ ਵਿਦਿਆਰਥੀਆਂ ਦੇ ਸੈਰ-ਸਪਾਟੇ ਲਈ ਖ਼ੁਸ਼ਗਵਾਰ ਹੁੰਦੇ ਹਨ। ਵਿਭਾਗੀ ਹਦਾਇਤਾਂ ਅਤੇ ਦਿੱਤੀ ਸਮਾਂ ਸਾਰਣੀ ਮੁਤਾਬਕ ਸੀਨੀਅਰ ਸੈਕੰਡਰੀ ਸਕੂਲ ਉੱਭਾਵਾਲ (ਸੰਗਰੂਰ) ਵੱਲੋਂ ਛੇਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਇੱਕ ਦਿਨਾ ਸੈਰ ਸਪਾਟੇ ਲਈ ਸਾਡੇ ਲਾਗਲੇ ਸ਼ਾਹੀ ਸ਼ਹਿਰ ਪਟਿਆਲਾ ਦੇ ਧਾਰਮਿਕ, ਇਤਿਹਾਸਕ ਮਹੱਤਤਾ ਵਾਲ ? ਅਤੇ ਜੰਗਲੀ ਜੀਵਾਂ ਤੇ ਪੰਖੇਰੂਆਂ ਦੇ ਰਖਾਵ ਸਥਾਨਾਂ ਦੀ ਸੈਰ ਲਈ ਲਿਜਾਇਆ ਗਿਆ। ਬਾਗ਼ਾਂ ਦੇ ਸ਼ਹਿਰ ਪਟਿਆਲਾ ਵਿਖੇ ਸਭ ਤੋਂ ਪਹਿਲਾਂ ਵਿਦਿਆਰਥੀ ਇੱਥੇ ਦਾ ਹਿਰਨ ਪਾਰਕ ਦੇਖਣ ਲਈ ਪਹੁੰਚੇ। ਬੱਸ ਤੋਂ ਉਤਰਦਿਆਂ ਹੀ ਬੱਚੇ ਇਸ ਛੋਟੇ ਚਿੜੀਆ ਘਰ ਨੂੰ ਦੇਖਣ ਲਈ ਬੜੇ ਉਤਾਵਲੇ ਦਿਖਾਈ ਦੇ ਰਹੇ ਸਨ। ਘਰ ਅਤੇ ਸਕੂਲੀ ਦੁਨੀਆਂ ਤੋਂ ਦੂਰ ਉਨ੍ਹਾਂ ਦੀ ਖ਼ੁਸ਼ੀ ਦੇਖਿਆਂ ਹੀ ਬਣਦੀ ਸੀ। ਸਭ ਦੇ ਚਿਹਰੇ ਖਿੜੇ ਤੇ ਆਪਣੇ ਸਹਿਪਾਠੀਆਂ ਨਾਲ ? ਮਸਤੀ ਦੇ ਮੂਡ ਵਿੱਚ ਇਵੇਂ ਮਹਿਸੂਸ ਕਰ ਰਹੇ ਸਨ ਜਿਵੇਂ ਪਤਾ ਨਹੀਂ ਅਸੀਂ ਕਿਹੜੀ ਦੁਨੀਆਂ ਵਿੱਚ ਆ ਗਏ ਹਾਂ। ਇਸ ਚਿੜੀਆ ਘਰ ਦੀ ਸਥਾਪਤੀ ਬਾਰੇ ਜਾਣਨ 'ਤੇ ਪਤਾ ਚਲਦਾ ਹੈ ਕਿ ਇਸ ਨੂੰ 1968 ਈ: ਵਿੱਚ ਬਣਾਇਆ ਗਿਆ ਅਤੇ ਮੋਤੀ ਬਾਗ ਹਿਰਨ ਪਾਰਕ ਦਾ ਨਾਂ ਦਿੱਤਾ ਗਿਆ ਜੋ ਬੀੜ ਮੋਤੀ ਬਾਗ ਜੰਗਲੀ ਜੀਵ ਸੈਂਕਚੁਅਰੀ ਵਿੱਚ ਹੀ ਹੈ। ਬਾਅਦ ਵਿੱਚ ਕੇਂਦਰੀ ਜ਼ੂਅ ਅਥਾਰਟੀ ਵੱਲੋਂ ਇਸ ਨੂੰ ਪਛਾਣ ਦਿੰਦੇ ਹੋਏ ਛੋਟੇ ਜ਼ੂਲੌਜੀਕਲ ਜ਼ੂਅ ਦਾ ਨਾਂ ਦੇ ਦਿੱਤਾ ਗਿਆ। ਮੁੱਖ ਗੇਟ ਦੇ ਅੰਦਰ ਪ੍ਰਵੇਸ਼ ਕਰਦਿਆਂ ਹੀ ਪਹਿਲੀ ਨਜ਼ਰੇ ਪਿੰਜਰਿਆਂ ਵਿੱਚ ਇੱਧਰ-ਉੱਧਰ ਉਡਾਰੀਆਂ ਮਾਰਦੇ ਭਾਂਤ-ਭਾਂਤ ਦੇ ਪੰਛੀ ਦੇਖਣ ਨੂੰ ਮਿਲਦੇ ਹਨ। ਦੂਜੇ ਪਾਸੇ ਵੱਖ-ਵੱਖ ਕਿਸਮਾਂ ਦੇ ਹਿਰਨਾਂ ਦੇ ਵੱਡੇ-ਵੱਡੇ ਵਾੜੇ ਜਿੱਥੇ ਨਿੱਕੇ ਤੋਂ ਲੈ ਕੇ ਵੱਡੇ-ਵੱਡੇ ਹਿਰਨਾਂ ਦੀਆਂ ਡਾਰਾਂ ਇੱਕ ਕੋਨੇ ਤੋਂ ਦੂਜੇ ਕੋਨੇ ਵੱਲ ਦੌੜਦੀਆਂ ਨਜ਼ਰ ਪੈਂਦੀਆਂ ਹਨ। ਪਿੰਜਰਿਆਂ ਵਿੱਚ ਤਾੜੇ ਇਹ ਪੰਛੀ ਕਦੀ ਜਾਲੀਆਂ ਨਾਲ ? ਚਿੰਬੜ ਕੇ ਅਤੇ ਕਦੇ ਡਰ ਕੇ ਦੂਜੇ ਕੋਨੇ ਉਡਾਰੀ ਮਾਰਦੇ। ਹਿਰਨ ਵੀ ਦੇਖਣ ਵਾਲਿਆਂ ਵੱਲ ਕੁੱਝ ਪਲ ਦੇਖਦੇ ਅਤੇ ਫਿਰ ਦੌੜ ਜਾਂਦੇ। ਧਿਆਨ ਨਾਲ ? ਦੇਖਣ 'ਤੇ ਇਨ੍ਹਾਂ ਪੰਛੀਆਂ ਤੇ ਜਾਨਵਰਾਂ ਦੀਆਂ ਨਜ਼ਰਾਂ ਵਿੱਚ ਬੇਵਸੀ ਨਜ਼ਰ ਆ ਰਹੀ ਸੀ ਕਿਉਂਕਿ ਹੁਣ ਬਸ ਇਹ ਪਿੰਜਰਿਆਂ ਵਿਚਲੀ ਦੁਨੀਆਂ ਹੀ ਉਨ੍ਹਾਂ ਦੀ ਦੁਨੀਆਂ ਰਹਿ ਗਈ ਸੀ। ਜਿਵੇਂ ਇਹ ਸਾਰੇ ਕਹਿ ਰਹੇ ਹੋਣ ਕਿ ਤੁਸੀਂ ਹੀ ਸਾਡੀ ਆਜ਼ਾਦ ਅਤੇ ਖੁੱਲ੍ਹੀ ਦੁਨੀਆਂ ਸਾਡੇ ਤੋਂ ਖੋਹੀ ਹੈ ਅਤੇ ਸਾਨੂੰ ਨੁਮਾਇਸ਼ ਲਈ ਇਨ੍ਹਾਂ ਪਿੰਜਰਿਆਂ ਵਿੱਚ ਡੱਕ ਕੇ ਹਮੇਸ਼ਾ ਲਈ ਕੈਦ ਕਰ ਲਿਆ ਹੈ। ਇਨ੍ਹਾਂ ਨੂੰ ਦੇਖ ਕੇ ਲੱਗ ਰਿਹਾ ਸੀ ਕਿ ਜਿਵੇਂ ਇਹ ਕਹਿੰਦੇ ਹੋਣ ਕਿ ਅਸੀਂ ਵੀ ਇਨ੍ਹਾਂ ਛੋਟੇ ਬੱਚਿਆਂ ਵਾਂਗ ਆਜ਼ਾਦ ਖੰਭਾਂ ਨਾਲ ? ਉੱਡਣਾ ਤੇ ਮਸਤੀਆਂ ਕਰਦੇ ਜਿਉਣਾ ਚਾਹੁੰਦੇ ਹਾਂ ਪਰ ਅਫਸੋਸ ਲਾਲਚੀ ਇਨਸਾਨ ਨੇ ਇਨ੍ਹਾਂ ਦੇ ਰਹਿਣ ਵਸੇਰਿਆਂ ਨੂੰ ਕੰਕਰੀਟ ਵਿੱਚ ਬਦਲ ਕੇ ਵੱਡੀਆਂ-ਵੱਡੀਆਂ ਇਮਾਰਤਾਂ ਤੇ ਉਦਯੋਗ ਸਥਾਪਤ ਕਰ ਲਏ ਹਨ। ਜੰਗਲਾਂ ਦੇ ਖ਼ਤਮ ਹੋਣ ਨਾਲ ? ਜੰਗਲੀ ਜੀਵਾਂ ਦੀਆਂ ਬਹੁਤ ਪ੍ਰਜਾਤੀਆਂ ਖ਼ਤਮ ਹੋ ਚੁੱਕੀਆਂ ਹਨ ਅਤੇ ਰਹਿੰਦੀਆਂ ਅਲੋਪ ਹੋਣ ਦੇ ਕਿਨਾਰੇ 'ਤੇ ਹਨ। ਲਾਲਚ ਵੱਸ ਮਨੁੱਖ ਇਹ ਨਹੀਂ ਜਾਣਦਾ ਕਿ ਜੰਗਲਾਂ, ਜੀਵ ਜੰਤੂਆਂ ਨੂੰ ਨਸ਼ਟ ਕਰਨ ਨਾਲ ? ਉਹ ਖ਼ੁਦ ਆਪਣੀ ਹੋਂਦ ਨੂੰ ਵੀ ਖਤਰੇ ਵਿੱਚ ਪਾ ਰਿਹਾ ਹੈ। ਖੈਰ ! ਗੱਲ ਸੈਰ ਸਪਾਟੇ ਦੀ ਕਰ ਰਹੇ ਸੀ, ਵਿੱਚ ਗੰਭੀਰ ਮੁੱਦੇ ਦਾ ਦਾਖ਼ਲਾ ਹੋ ਗਿਆ ਇਸ ਲਈ ਖਿਮਾ ਮੰਗਦੇ ਹਾਂ। ਚਲੋ ਆਪਾਂ ਆਪਣੀ ਯਾਤਰਾ ਵੱਲ ਮੁੜਦੇ ਹਾਂ। ਇੱਥੇ ਘੁੰਮਣ-ਫਿਰਨ ਤੋਂ ਬਾਅਦ ਸਾਨੂੰ ਲੱਗਿਆ ਕਿ ਹੁਣ ਬੱਚਿਆਂ ਨੂੰ ਭੁੱਖ ਲੱਗੀ ਹੋਵੇਗੀ। ਅਸੀਂ ਚੱਲਣ ਲੱਗਿਆਂ ਆਪਣੇ ਨਾਲ ? ਪੈਕ ਕਰਵਾ ਕੇ ਲਿਆਂਦੇ ਖਾਣ-ਪੀਣ ਦੇ ਸਾਮਾਨ ਦਾ ਇੱਕ-ਇੱਕ ਵੱਡਾ ਡੱਬਾ ਹਰੇਕ ਬੱਚੇ ਨੂੰ ਦਿੱਤਾ। ਉਨ੍ਹਾਂ ਨੇ ਇੱਥੇ ਬਣੇ ਪਾਰਕਾਂ ਵਿੱਚ ਬੈਠਕੇ ਖਾਣੇ ਦਾ ਆਨੰਦ ਮਾਣਿਆ।

ਇਸ ਤੋਂ ਅੱਗੇ ਨਾਲ ? ਹੀ ਸ਼ੀਸ਼ ਮਹਿਲ ਦੇਖਣ ਲਈ ਰਵਾਨਾ ਹੋਏ। ਇਹ ਸ਼ੀਸ਼ ਮਹਿਲ (ਸ਼ੀਸ਼ਿਆਂ ਦਾ ਮਹਿਲ) ਮੋਤੀ ਬਾਗ ਪੈਲੇਸ ਦਾ ਹੀ ਹਿੱਸਾ ਸੀ। ਇਸ ਪੈਲੇਸ ਨੂੰ ਮਹਾਰਾਜਾ ਨਰਿੰਦਰ ਸਿੰਘ ਨੇ 1847 ਈ: ਵਿੱਚ ਬਣਵਾਇਆ। ਕਹਿੰਦੇ ਹਨ ਕਿ ਭਾਰਤੀ ਰਿਆਸਤਾਂ ਦੇ ਮਹਾਰਾਜਿਆਂ ਵੱਲੋਂ ਚਲਾਏ ਆਪੋ ਆਪਣੇ ਸਿੱਕੇ ਇੱਥੇ ਬੰਦ ਪਏ ਹਨ। ਇਮਾਰਤ ਬਹੁਤ ਹੀ ਬੇਸ਼ਕੀਮਤੀ ਹੈ ਪਰ ਸੈਰ ਦੌਰਾਨ ਦੇਖ ਕੇ ਬੜਾ ਅਫਸੋਸ ਹੋਇਆ ਕਿ ਰੱਖ-ਰਖਾਵ ਅਤੇ ਬਣਦੀ ਮੁਰੰਮਤ ਦੀ ਕਮੀ ਪੱਖੋਂ ਇਹ ਹਰ ਪਾਸੇ ਤੋਂ ਖ਼ੁਰਦਾ ਜਾ ਰਿਹਾ ਹੈ। ਬੱਚਿਆਂ ਅਤੇ ਅਧਿਆਪਕਾਂ ਨੇ ਮਹਿਲ ਦੇ ਸਾਹਮਣੇ ਬਣੀ ਝੀਲ ਦੀਆਂ ਪੌੜੀਆਂ 'ਤੇ ਬੈਠਕੇ ਖ਼ੂਬ ਯਾਦਗਾਰੀ ਤਸਵੀਰਾਂ ਖਿਚਵਾਈਆਂ। ਇਸ ਤੋਂ ਬਾਅਦ ਸ਼ਹਿਰ ਦੇ ਵਿਚਕਾਰ ਬਣੇ ਸੁੰਦਰ ਤੇ ਪੁਰਾਤਨ ਮੰਦਰ ਮਾਤਾ ਕਾਲੀ ਦੇ ਦਰਸ਼ਨ ਕੀਤੇ। ਦੁਪਹਿਰ ਦਾ ਵੇਲਾ ਹੋ ਗਿਆ ਸੀ ਅਸੀਂ ਆਪਣੇ ਅਗਲੇ ਪੜਾਅ ਨੌਵੇਂ ਪਾਤਸ਼ਾਹ ਸਾਹਿਬ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਚਰਨਛੋਹ ਪ੍ਰਾਪਤ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਵੱਲ ਰਵਾਨਾ ਹੋਏ। ਗੁਰੂਆਂ ਦੀ ਬਖਸ਼ੀ ਸਿੱਖਿਆ 'ਪਹਿਲਾਂ ਪੰਗਤ ਫਿਰ ਸੰਗਤ' ਦੀ ਮਰਿਆਦਾ ਨੂੰ ਕਾਇਮ ਰੱਖਦੇ ਹੋਏ ਸਾਰਿਆਂ ਨੇ ਲੰਗਰ ਹਾਲ ਵਿੱਚ ਲੰਗਰ ਛਕਿਆ ਉਪਰੰਤ ਦਰਬਾਰ ਸਾਹਿਬ ਨਤਮਸਤਕ ਹੋਏ। ਰੂਹਾਨੀ ਸ਼ਬਦਾਂ ਦੀ ਵਰਖਾ ਮਨ ਮਸਤਕ ਨੂੰ ਸ਼ਾਂਤੀ ਦੇ ਰਹੀ ਸੀ। ਅਧਿਆਪਕਾਂ ਨੇ ਸਰੋਵਰ ਦੇ ਪਵਿੱਤਰ ਜਲ ਨਾਲ ? ਹੱਥ-ਪੈਰ ਧੋਣ ਦੀ ਮਰਿਆਦਾ ਅਤੇ ਮਹੱਤਤਾ ਬਾਰੇ ਬੱਚਿਆਂ ਨੂੰ ਦੱਸਿਆ। ਪਵਿੱਤਰ ਮਨਾਂ ਦੇ ਮਾਲਕ ਬੱਚਿਆਂ ਨੇ ਪਵਿੱਤਰ ਜਲ ਨਾਲ ? ਹੱਥ-ਪੈਰ ਧੋਣ ਤੋਂ ਬਾਅਦ ਕਾਊਂਟਰ ਤੋਂ ਕੜਾਹ ਪ੍ਰਸ਼ਾਦ ਦੀ ਦੇਗ਼ ਲਈ। ਗੁਰਦੁਆਰਾ ਸਾਹਿਬ ਤੋਂ ਬਾਹਰ ਨਿਕਲ ਕੇ ਬੱਚਿਆਂ ਨੇ ਖੇਡਾਂ ਵਾਲ ?ਆਂ ਦੁਕਾਨਾਂ ਤੋਂ ਆਪਣੀਆਂ ਮਨ ਪਸੰਦ ਖੇਡਾਂ ਖਰੀਦੀਆਂ। ਸ਼ਾਮ ਦੇ ਚਾਰ ਵੱਜ ਚੁੱਕੇ ਸਨ। ਬਾਹਰ ਪਾਰਕਿੰਗ ਵਿੱਚ ਖੜ੍ਹੀ ਆਪਣੀ ਬੱਸ ਵਿੱਚ ਸਵਾਰ ਹੋ ਕੇ ਅਸੀਂ ਸ਼ਹਿਰ ਪਟਿਆਲਾ ਨੂੰ ਅਲਵਿਦਾ ਕਹਿ ਕੇ ਉੱਥੋਂ ਚੱਲ ਪਏ। ਆਪਣੀ ਮੰਜ਼ਿਲ ਵੱਲ ਆਉਂਦਿਆਂ ਸ਼ਾਮ ਦੇ ਖਾਣੇ ਦਾ ਵਕਤ ਹੋ ਗਿਆ ਸੀ। ਰਸਤੇ ਵਿੱਚ ਇੱਕ ਸਾਫ਼ ਸੁਥਰੇ ਵੈਸ਼ਨੂੰ ਢਾਬੇ 'ਤੇ ਸਾਰੇ ਬੱਚਿਆਂ ਨੂੰ ਖਾਣਾ ਖਵਾਇਆ ਅਤੇ ਆਪਣੇ ਘਰਾਂ ਲਈ ਰੁਖਸਤੀ ਪਾਈ।

ਅਜਿਹੇ ਛੋਟੇ-ਛੋਟੇ ਇੱਕ ਦਿਨਾਂ ਸੈਰ-ਸਪਾਟੇ ਵਿਦਿਆਰਥੀਆਂ ਲਈ ਬਹੁਤ ਕੁੱਝ ਸਿੱਖਣ ਦਾ ਸਾਧਨ ਬਣਦੇ ਹਨ। ਜਮਾਤਾਂ ਦੀ ਚਾਰਦੀਵਾਰੀ ਤੋਂ ਬਾਹਰ ਦੀ ਜ਼ਿੰਦਗੀ ਨੂੰ ਦੇਖਣ, ਸਮਝਣ ਤੇ ਉਸ ਬਾਰੇ ਪ੍ਰਤੱਖ ਜਾਣਕਾਰੀ ਹਾਸਲ ਕਰਨ ਦਾ ਇੱਕ ਵਿਲੱਖਣ ਮੌਕਾ ਪ੍ਰਦਾਨ ਕਰਦੇ ਹਨ। ਸਕੂਲੀ ਵਾਤਾਵਰਣ ਅਤੇ ਕਿਤਾਬੀ ਬੋਝ ਤੋਂ ਦੂਰ ਕੁੱਝ ਸਮੇਂ ਲਈ ਵਿਵਹਾਰਿਕ ਰੂਪ ਵਿੱਚ ਸਿੱਖਣ ਲਈ ਇਹ ਇੱਕ ਚੰਗਾ ਮੌਕਾ ਹੁੰਦਾ ਹੈ ਅਤੇ ਅਜਿਹੇ ਅਵਸਰ ਬੱਚਿਆਂ ਵਿੱਚ ਜ਼ਿੰਮੇਵਾਰੀ ਦੀ ਭਾਵਨਾ ਭਰਦੇ ਹਨ। ਬਾਹਰਲੇ ਅਣਜਾਣ ਮਾਹੌਲ ਵਿੱਚ ਵਿਦਿਆਰਥੀ ਆਪਣੀਆਂ ਚੀਜ਼ਾਂ ਦੀ ਦੇਖਭਾਲ ਕਰਨਾ, ਸਮੇਂ ਦੀ ਪਾਬੰਦੀ ਅਤੇ ਸਮੂਹ ਦੇ ਨਿਯਮਾਂ ਦੀ ਪਾਲਣਾ ਕਰਨਾ ਸਿੱਖਦੇ ਹਨ। ਉਹ ਇੱਕ ਦੂਜੇ ਨਾਲ ? ਸਹਿਯੋਗ ਕਰਨਾ, ਟੀਮ ਬਣਾ ਕੇ ਕੰਮ ਕਰਨਾ ਅਤੇ ਮੁਸ਼ਕਲਾਂ ਨੂੰ ਹੱਲ ਕਰਨਾ ਵੀ ਸਿੱਖਦੇ ਹਨ। ਇਸ ਤੋਂ ਇਲਾਵਾ ਬਾਹਰਲੇ ਲੋਕਾਂ ਨਾਲ ? ਬੋਲਣ, ਰਸਤੇ ਵਿੱਚ ਕਿਸੇ ਜਾਣਕਾਰੀ ਲਈ ਪੁੱਛਣਾ ਜਾਂ ਆਵਾਜਾਈ ਦੇ ਸਾਧਨਾਂ ਵਿੱਚ ਅਜਨਬੀਆਂ ਨਾਲ ? ਸਲੀਕੇ ਨਾਲ ? ਪੇਸ਼ ਆਉਣਾ ਇਹ ਸਾਰੇ ਅਨੁਭਵ ਉਨ੍ਹਾਂ ਦੇ ਸੰਚਾਰ ਹੁਨਰਾਂ ਨੂੰ ਨਿਖਾਰਦੇ ਹਨ। ਆਪਣੇ ਸਾਥੀ ਵਿਦਿਆਰਥੀਆਂ ਨਾਲ ? ਸਮਾਂ ਬਿਤਾਉਣ ਨਾਲ ? ਉਨ੍ਹਾਂ ਦੇ ਆਪਸੀ ਸੰਬੰਧ ਮਜ਼ਬੂਤ ਹੁੰਦੇ ਹਨ। ਸਹਿਣਸ਼ੀਲਤਾ ਅਤੇ ਆਪਣੇ ਆਪ ਨੂੰ ਸਥਿਤੀਆਂ ਅਨੁਸਾਰ ਢਾਲਣ ਦੀ ਭਾਵਨਾ ਪੈਦਾ ਹੁੰਦੀ ਹੈ। ਸਮੁੱਚੇ ਤੌਰ ਤੇ ਦੇਖਿਆ ਜਾਵੇ ਤਾਂ ਵਿਦਿਆਰਥੀਆਂ ਦਾ ਅਜਿਹਾ ਬਾਹਰੀ ਦੁਨੀਆਂ ਵਿੱਚ ਥੋੜ੍ਹੇ ਸਮੇਂ ਲਈ ਘੁੰਮਣਾ-ਫਿਰਨਾ ਉਨ੍ਹਾਂ ਨੂੰ ਮੁੜ ਤੋਂ ਆਪਣੀ ਪੜ੍ਹਾਈ ਕਰਨ ਲਈ ਊਰਜਾਵਾਨ ਬਣਾਉਂਦਾ ਹੈ। ਪ੍ਰਾਂਤਕ ਸਰਕਾਰਾਂ ਦੇ ਸਰਕਾਰੀ ਖ਼ਰਚੇ 'ਤੇ ਇੱਕ ਦਿਨਾ ਇਹ ਸੈਰ-ਸਪਾਟੇ ਸ਼ਲਾਘਾਯੋਗ ਹਨ ਅਤੇ ਅੱਗੇ ਤੋਂ ਵੀ ਇਸੇ ਤਰ੍ਹਾਂ ਸਮੇਂ-ਸਮੇਂ 'ਤੇ ਸਕੂਲਾਂ ਨੂੰ ਅਜਿਹੇ ਇੱਕ ਦਿਨਾ ਸੈਰ ਸਪਾਟਿਆਂ ਦੀ ਲੜੀ ਚੱਲਦੇ ਰੱਖਣਾ ਚਾਹੀਦਾ ਹੈ ਤਾਂ ਜੋ ਵਿਦਿਆਰਥੀਆਂ ਦੇ ਮਨੋਰੰਜਨ ਦੇ ਨਾਲ ? ਨਾਲ ? ਗਿਆਨ ਵਿੱਚ ਵੀ ਵਾਧਾ ਹੁੰਦਾ ਰਹੇ।

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਲਾਭ ਸਿੰਘ ਸ਼ੇਰਗਿੱਲ, ਬਡਰੁੱਖਾਂ
(ਸੰਗਰੂਰ)

# ਕ੍ਰਿਸਮਸ: ਈਸਾਈਆਂ ਦੇ ਜੀਸਸ, ਮੁਸਲਮਾਨਾਂ ਦੇ ਈਸਾ 'ਹਜ਼ਰਤ' ਤੇ 'ਮਸੀਹ' ਕਿਤੇ ਇੱਕੋ ਤਾਂ ਨਹੀਂ



ਤੁਸੀਂ ਤੁਰਕੀ ਵਿੱਚ ਕ੍ਰਿਸਮਸ ਕਿਵੇਂ ਮਨਾਉਂਦੇ ਸੀ ? ਬ੍ਰਿਟੇਨ ਆਏ ਮੈਨੂੰ 21 ਸਾਲ ਹੋ ਗਏ ਹਨ, ਪਰ ਹਰ ਵਾਰ ਕ੍ਰਿਸਮਿਸ 'ਤੇ ਇਹ ਸਵਾਲ ਮੇਰੇ ਸਾਹਮਣੇ ਆ ਕੇ ਖੜ੍ਹਾ ਹੋ ਜਾਂਦਾ ਹੈ। ਪੱਛਮੀ ਦੁਨੀਆਂ ਦੇ ਬਹੁਤ ਸਾਰੇ ਲੋਕ ਮਹਿਸੂਸ ਕਰਦੇ ਹਨ ਕਿ ਕ੍ਰਿਸਮਸ ਹਰ ਜਗ੍ਹਾ ਮਨਾਇਆ ਜਾਂਦਾ ਹੈ। ਜਵਾਬ ਵਿੱਚ ਮੈਂ ਇਹ ਹੀ ਕਹਿੰਦਾ ਹਾਂ ਕਿ ਤੁਰਕੀ ਇੱਕ ਮੁਸਲਿਮ ਬਹੁਗਿਣਤੀ ਵਾਲਾ ਦੇਸ਼ ਹੈ, ਇਸ ਲਈ 25 ਦਸੰਬਰ ਦੀ ਤਰੀਕ ਵੀ ਆਮ ਕੈਲੰਡਰ ਦੀ ਤਰੀਕ ਵਰਗੀ ਹੈ। ਇਹ ਸਿਰਫ਼ ਤੁਰਕੀ ਵਿੱਚ ਹੀ ਨਹੀਂ ਹੁੰਦਾ। ਕ੍ਰਿਸਮਸ ਵਿਸ਼ਵ ਦੀ ਇੱਕ ਵੱਡੀ ਆਬਾਦੀ ਲਈ ਇੱਕ ਆਮ ਦਿਨ ਹੀ ਹੈ। ਕ੍ਰਿਸਮਸ ਈਸਾਈ ਧਰਮ ਦੇ ਪੈਗੰਬਰ ਯੀਸ਼ੂ ਮਸੀਹ (ਈਸਾ) ਦੇ ਜਨਮ ਦਾ ਤਿਉਹਾਰ ਹੈ। ਇਹ ਹਿੰਦੂਆਂ, ਯਹੂਦੀਆਂ ਅਤੇ ਮੁਸਲਮਾਨਾਂ ਦੇ ਕੈਲੰਡਰ ਲਈ ਕੋਈ ਪਵਿੱਤਰ ਤਰੀਕ ਨਹੀਂ ਹੈ।

**'ਜੀਸਸ' — ਕੀ ਤੁਹਾਡਾ ਮਤਲਬ ਹਜ਼ਰਤ ਈਸਾ ਹੈ ?**

ਈਦ ਅਤੇ ਕ੍ਰਿਸਮਸ 'ਚ ਫ਼ਰਕ ਹੈ ਅਤੇ ਇਸ ਨੂੰ ਸਮਝਣਾ ਮਹੱਤਵਪੂਰਨ ਹੈ। ਨਾਲ ਹੀ ਈਸਾਈ ਧਰਮ ਤੇ ਇਸਲਾਮ ਵਿਚਕਾਰ ਸਬੰਧ ਨੂੰ ਸਮਝਣਾ ਵੀ ਉਨ੍ਹਾਂ ਹੀ ਮਹੱਤਵਪੂਰਨ ਹੈ। ਇਹ ਚੀਜ਼ ਤੁਹਾਨੂੰ ਹੈਰਾਨ ਕਰ ਸਕਦੀ ਹੈ — ਇਸਲਾਮ ਭਾਵੇਂ ਯੀਸ਼ੂ ਦਾ ਜਨਮ ਦਿਨ ਨਹੀਂ ਮਨਾਉਂਦਾ, ਪਰ ਇੱਜ਼ਤ ਜ਼ਰੂਰ ਕਰਦਾ ਹੈ। ਮੁਸਲਮਾਨਾਂ ਦੀ ਨਜ਼ਰ ਵਿੱਚ 'ਯੀਸ਼ੂ ਮਸੀਹ' ਹੀ 'ਹਜ਼ਰਤ ਈਸਾ' ਹਨ। ਇਹ ਵਿਸ਼ਵਾਸ ਉਨ੍ਹਾਂ ਦੇ ਧਰਮ ਦਾ ਇੱਕ ਅਟੁੱਟ ਅੰਗ ਹੈ। ਕੁਰਾਨ ਈਸਾ ਨੂੰ ਇਕ ਅਜਿਹੀ ਮਹੱਤਵਪੂਰਣ ਸ਼ਖ਼ਸੀਅਤ ਵਜੋਂ ਵੇਖਦਾ ਹੈ ਜੋ ਪੈਗੰਬਰ ਮੁਹੰਮਦ ਤੋਂ ਪਹਿਲਾਂ ਆਏ ਸਨ। ਹਕੀਕਤ ਤਾਂ ਇਹ ਹੈ ਕਿ ਜੀਸਸ (ਯੀਸ਼ੂ), ਜਿਸ ਨੂੰ ਅਰਬੀ ਭਾਸ਼ਾ ਵਿੱਚ ਈਸਾ ਵੀ ਕਿਹਾ ਜਾਂਦਾ ਹੈ, ਦਾ ਜ਼ਿਕਰ ਕੁਰਾਨ ਵਿੱਚ ਵੀ ਕਈ ਵਾਰ ਹੋਇਆ ਹੈ। ਇੱਥੋਂ ਤੱਕ ਕਿ ਪੈਗੰਬਰ ਮੁਹੰਮਦ ਤੋਂ ਵੀ ਜ਼ਿਆਦਾ ਵਾਰ।

**ਮੈਰੀ, ਕੀ ਤੁਹਾਡਾ ਮਤਲਬ ਮਰੀਅਮ ਤੋਂ ਹੈ ?**

ਇਹ ਗੱਲ ਵੀ ਘੱਟ ਦਿਲਚਸਪ ਨਹੀਂ ਹੈ ਕਿ ਇਸਲਾਮ ਦੀ ਪਵਿੱਤਰ ਕਿਤਾਬ ਵਿੱਚ ਸਿਰਫ਼ ਇਕ ਹੀ ਔਰਤ ਦਾ ਜ਼ਿਕਰ ਹੈ — ਉਹ ਹੈ ਵਰਜਿਨ ਮੈਰੀ, ਜਿਨ੍ਹਾਂ ਨੂੰ ਅਰਬੀ ਭਾਸ਼ਾ ਵਿੱਚ ਮਰੀਅਮ ਕਿਹਾ ਜਾਂਦਾ ਹੈ।

ਕੁਰਾਨ ਵਿੱਚ ਇਕ ਪੂਰਾ ਅਧਿਆਇ ਮਰੀਅਮ ਨੂੰ ਸਮਰਪਤ ਕੀਤਾ ਗਿਆ ਹੈ, ਜਿਸ ਵਿੱਚ ਈਸਾ ਦੇ ਜਨਮ ਦਾ ਜ਼ਿਕਰ ਹੈ, ਪਰ ਇਸਲਾਮ ਵਿੱਚ ਜੋ ਕਹਾਣੀ ਦੱਸੀ ਗਈ ਹੈ ਉਸ ਵਿੱਚ ਨਾ ਤਾਂ ਜੋਸਫ਼ ਹੈ ਅਤੇ ਨਾ ਹੀ ਫ਼ਰਿਸ਼ਤਾ ਅਤੇ ਨਾ ਹੀ ਨਾਦ (ਜਾਨਵਰਾਂ ਨੂੰ ਖਿਲਾਉਣ ਦੇ ਕੰਮ ਆਉਣ ਵਾਲਾ ਪਾਤਰ) ਦਾ ਜ਼ਿਕਰ ਹੈ। ਮਰੀਅਮ ਨੇ ਇਕੱਲੇ ਹੀ ਮਾਰੂਥਲ 'ਚ ਈਸਾ ਨੂੰ ਜਨਮ ਦਿੱਤਾ ਸੀ ਅਤੇ ਇੱਕ ਸੁੱਕੇ ਹੋਏ ਖਜੂਰ ਦੇ ਰੁੱਖ ਦੇ ਪਰਛਾਵੇਂ ਹੇਠਾਂ ਪਨਾਹ ਲਈ ਸੀ। ਮੰਨਿਆ ਜਾਂਦਾ ਹੈ, ਨਾਲ ਹੀ ਇੱਕ ਚਮਤਕਾਰ ਹੋਇਆ ਅਤੇ ਉਨ੍ਹਾਂ ਨੇ ਖਾਣ ਲਈ ਦਰਖ਼ਤ ਤੋਂ ਖਜੂਰ ਡਿੱਗ ਗਿਆ ਅਤੇ ਉਨ੍ਹਾਂ ਦੇ ਪੈਰਾਂ ਨੇੜੇ ਪਾਣੀ ਦਾ ਇੱਕ ਝਰਨਾ ਫੁੱਟ ਪਿਆ। ਇੱਕ ਅਣਵਿਆਹੀ ਔਰਤ ਕੋਲ ਇੱਕ ਬੱਚੇ ਦਾ ਹੋਣਾ, ਉਸ ਦੇ ਚਰਿੱਤਰ 'ਤੇ ਬਹੁਤ ਸਾਰੇ ਸਵਾਲ ਖੜ੍ਹੇ ਕਰ ਸਕਦਾ ਸੀ। ਪਰ ਨਵਜੰਮੇ ਈਸਾ ਨੇ 'ਈਸ਼ਵਰ ਦੇ ਦੂਤ' ਵਾਂਗ ਬੋਲਣਾ ਸ਼ੁਰੂ ਕਰ ਦਿੱਤਾ। ਇਸ ਕਰਾਮਾਤ ਨਾਲ ਇੱਕ ਮਾਂ ਨਿਰਦੋਸ਼ ਸਾਬਤ ਹੋ ਗਈ। ਇਹ ਕਹਾਣੀ ਪੱਖਪਾਤ 'ਤੇ ਜਿੱਤ ਦੀ ਕਹਾਣੀ ਹੈ।

**ਰੂਹਾਂ ਦਾ ਪੈਗੰਬਰ**

ਜਦੋਂ ਮੁਸਲਮਾਨ ਈਸਾ ਦਾ ਜ਼ਿਕਰ ਕਰਦੇ ਹਨ ਤਾਂ ਉਹ ਵਿਸ਼ਵਾਸ ਕਰਦੇ ਹਨ ਕਿ ਉਹ ਕਿਆਮਤ ਦੇ ਦਿਨ ਵਾਪਸ ਆਉਣਗੇ। ਮੁਸਲਮਾਨ ਸਾਹਿਤ ਵਿੱਚ ਈਸਾ ਦੀ ਤਾਰੀਫ਼ ਕੁਰਾਨ ਤੋਂ ਪਹਿਲਾਂ ਤੋਂ ਕੀਤੀ ਜਾ ਰਹੀ ਹੈ। ਸੂਫੀ ਦਰਵੇਸ਼ ਅਲ-ਗ਼ਜ਼ਲੀ ਉਨ੍ਹਾਂ ਨੂੰ ਰੂਹਾਂ ਦਾ ਪੈਗੰਬਰ ਆਖ਼ਦੇ ਸਨ। ਮੁਸਲਿਮ ਦੁਨੀਆਂ ਵਿੱਚ ਮੁੰਡਿਆਂ ਦੇ ਨਾਮ ਵਿੱਚ ਈਸਾ ਅਤੇ ਕੁੜੀਆਂ ਦੇ ਨਾਮ ਵਿੱਚ ਮਰੀਅਮ ਆਮ ਹਨ। ਕੀ ਤੁਸੀਂ ਕਲਪਨਾ ਕਰ ਸਕਦੇ ਹੋ ਕਿ ਈਸਾਈ ਧਰਮ ਨੂੰ ਮੰਨਣ ਵਾਲਾ ਪਰਿਵਾਰ ਆਪਣੇ ਲੜਕੇ ਦਾ ਨਾਮ ਮੁਹੰਮਦ ਰੱਖ ਸਕਦਾ ਹੈ ?

**ਈਸਾ ਦੇ ਜ਼ਿਕਰ ਬਾਰੇ ਰੋਚਕ ਤੱਥ**

ਇਸਲਾਮ ਦੀ ਪਵਿੱਤਰ ਕਿਤਾਬ ਵਿੱਚ ਸਿਰਫ਼ ਇਕ ਹੀ ਔਰਤ ਦਾ ਜ਼ਿਕਰ ਹੈ – ਉਹ ਹੈ ਵਰਜਿਨ ਮੈਰੀ, ਜਿਨ੍ਹਾਂ ਨੂੰ ਅਰਬੀ ਭਾਸ਼ਾ ਵਿੱਚ ਮਰੀਅਮ ਕਿਹਾ ਜਾਂਦਾ ਹੈ। ਮੁਸਲਿਮ ਦੁਨੀਆਂ ਵਿੱਚ ਮੁੰਡਿਆਂ ਦੇ ਨਾਮ ਵਿੱਚ ਈਸਾ ਅਤੇ ਕੁੜੀਆਂ ਦੇ ਨਾਮ ਵਿੱਚ ਮਰੀਅਮ ਆਮ ਹਨ। ਸਲਮਾਨ ਸਾਹਿਤ ਵਿੱਚ ਈਸਾ ਦੀ ਤਾਰੀਫ਼ ਕੁਰਾਨ ਤੋਂ ਪਹਿਲਾਂ ਤੋਂ ਕੀਤੀ ਜਾ ਰਹੀ ਹੈ। ਸੂਫੀ ਦਰਵੇਸ਼ ਅਲ-ਗ਼ਜ਼ਲੀ ਉਨ੍ਹਾਂ ਨੂੰ ÷ਰੂਹਾਂ ਦਾ ਪੈਗੰਬਰ÷ ਆਖ਼ਦੇ ਸਨ। ਇਟਲੀ ਦੇ ਕਲਾਕਾਰ ਗਿਓਵਾਨੀ ਦਾ 'ਮੋਦੇਨਾ' ਇੱਕ ਕਵੀ ਦਾਂਤੇ ਦੀ ਪ੍ਰਸਿੱਧ ਰਚਨਾ 'ਡਿਵਾਇਨ ਕਾਮੇਡੀ' ਤੋਂ ਪ੍ਰੇਰਿਤ ਸੀ, ਜਿਸ ਵਿੱਚ ਦਾਂਤੇ ਨੇ ਮੁਹੰਮਦ ਨੂੰ ਨਰਕ ਦਾ ਨੌਵਾਂ ਚੱਕਰ ਦੱਸਿਆ ਹੈ। ਇਸਲਾਮ ਧਰਮ ਈਸਾ ਨੂੰ ਜਾਣਦਾ ਹੈ ਕਿਉਂਕਿ ਸੱਤਵੀਂ ਸਦੀ ਵਿੱਚ ਇਸਲਾਮ ਦੇ ਉਭਾਰ ਸਮੇਂ ਈਸਾਈ ਧਰਮ ਪੱਛਮੀ ਏਸ਼ੀਆ ਵਿੱਚ ਕਾਫ਼ੀ ਪ੍ਰਚਲਿਤ ਸੀ। ਹਾਲਾਂਕਿ ਬਾਈਬਲ ਵਿੱਚ ਮੁਹੰਮਦ ਦਾ ਜ਼ਿਕਰ ਨਹੀਂ ਹੈ ਅਤੇ ਇਸ ਦੇ ਕਾਰਨ ਹਨ। ਆਉਣ ਵਾਲੀਆਂ ਸਦੀਆਂ ਵਿੱਚ ਇਸਲਾਮ ਈਸਾ ਮਸੀਹ ਨੂੰ ਮੰਨ ਸਕਦਾ ਹੈ ਪਰ ਇਹ ਸਪਸ਼ਟ ਹੈ ਕਿ ਚਰਚ ਨੇ ਇਹ ਦਿਆਲਤਾ ਨਹੀਂ ਵਿਖਾਈ। ਇਟਲੀ ਦੇ ਸ਼ਹਿਰ ਬੋਲੋਗਨਾ 'ਚ 15ਵੀਂ ਸਦੀ ਦੇ ਚਰਚ ਸੈਨ ਪੈਟਰੋਨੀਓ 'ਚ ਇੱਕ ਤਸਵੀਰ ਵਿੱਚ ਮੁਸਲਮਾਨ ਪੈਗੰਬਰ ਨੂੰ ਨਰਕ ਵਿੱਚ ਸ਼ੈਤਾਨਾਂ ਵੱਲੋਂ ਦਿੱਤੇ ਜਾ ਰਹੇ ਦਰਦ ਝੱਲਦੇ ਹੋਏ ਦਿਖਾਇਆ ਗਿਆ ਹੈ। ਯੂਰਪ ਵਿੱਚ ਬਹੁਤ ਸਾਰੀਆਂ ਕਲਾਵਾਂ ਮੁਸਲਮਾਨ ਪੈਗੰਬਰ ਦੀ ਬੇਇੱਜ਼ਤੀ ਵਾਲੀ ਕਹਾਣੀ ਨੂੰ ਜਗ੍ਹਾ ਦਿੰਦੀਆਂ ਹਨ।

**ਨਰਕ ਦਾ ਨੌਵਾਂ ਚੱਕਰ**

ਇਟਲੀ ਦੇ ਕਲਾਕਾਰ ਗਿਓਵਾਨੀ ਦਾ 'ਮੋਦੇਨਾ' ਇੱਕ ਕਵੀ ਦਾਂਤੇ ਦੀ ਪ੍ਰਸਿੱਧ ਰਚਨਾ 'ਡਿਵਾਇਨ ਕਾਮੇਡੀ' ਤੋਂ ਪ੍ਰੇਰਿਤ ਸੀ, ਜਿਸ ਵਿੱਚ ਦਾਂਤੇ ਨੇ ਮੁਹੰਮਦ ਨੂੰ ਨਰਕ ਦਾ ਨੌਵਾਂ ਚੱਕਰ ਦੱਸਿਆ ਹੈ। ਇਸ ਕਿਤਾਬ ਨੇ 19ਵੀਂ ਸਦੀ ਦੇ ਬਹੁਤ ਸਾਰੇ ਕਲਾਕਾਰਾਂ ਨੂੰ ਪ੍ਰੇਰਿਤ ਕੀਤਾ ਅਤੇ ਉਨ੍ਹਾਂ ਨੇ ਅਜਿਹੀਆਂ ਰਚਨਾਵਾਂ ਰਚੀਆਂ ਜਿਸ ਵਿੱਚ ਮੁਹੰਮਦ ਨੂੰ ਨਰਕ ਵਿੱਚ ਤਸੀਹੇ ਭੋਗਦੇ ਹੋਏ ਦਿਖਾਇਆ ਗਿਆ ਹੈ। ਇਨ੍ਹਾਂ ਕਲਾਵਾਂ ਵਿੱਚ ਅੰਗਰੇਜ਼ੀ ਕਵਿਤਾ ਅਤੇ ਪੇਂਟਿੰਗ ਦੇ ਥੰਮ ਮੰਨੇ ਜਾਂਦੇ ਵਿਲੀਅਮ ਬਲੈਕ ਦੀਆਂ ਰਚਨਾਵਾਂ ਵੀ ਸ਼ਾਮਲ ਹਨ। ਬੈਲਜੀਅਮ ਚਰਚ ਵਿੱਚ 17ਵੀਂ ਸਦੀ ਦੀਆਂ ਮੂਰਤੀਆਂ 'ਚ ਇਸਲਾਮ ਦੇ ਪੈਗੰਬਰ ਨੂੰ ਸਵਰਗ ਦੂਤਾਂ ਦੇ ਪੈਰਾਂ ਹੇਠ ਦੱਬਿਆ ਹੋਇਆ ਦਿਖਾਇਆ ਗਿਆ ਹੈ।



# ਵਿਸ਼ਵ ਭਰ ਵਿਚ ਮਨਾਇਆ ਜਾਂਦਾ ਹੈ

# ਕ੍ਰਿਸਮਿਸ ਉਤਸਵ

ਬਲਵਿੰਦਰ ਬਾਲਮ ਗੁਰਦਾਸਪੁਰ
9815625409

ਵਿਸ਼ਵ ਭਰ ਵਿਚ ਧੂਮ-ਧਾਮ ਅਤੇ ਸ਼ਰਧਾ ਪੂਰਵਕ ਵਿਸ਼ਵਾਸ ਨਾਲ ਮਨਾਇਆ ਜਾਂਦਾ ਹੈ ਕ੍ਰਿਸਮਿਸ ਉਤਸਵ। ਕ੍ਰਿਸਮਿਸ ਇਕ ਸਾਲਾਨਾ ਪਰੰਪਵਾਦੀ ਉਤਸਵ ਹੈ ਜੋ ਯਿਸੂ ਮਸੀਹ ਦੇ ਜਨਮ ਦੇ ਉਪਲਕਸ਼ ਵਿਚ ਮਨਾਇਆ ਜਾਂਦਾ ਹੈ। ਦੁਨੀਆਂ ਭਰ ਦੇ ਅਰਬਾਂ ਲੋਕਾਂ ਦੇ ਵਿਚ ਇਕ ਧਾਰਮਿਕ ਆਸਥਾ ਪੂਰਵਕ, ਸਾਂਝੀਵਾਲਤਾ ਦਾ ਸਨੇਹੀ ਅਤੇ ਪਰੰਪਰਾਗਤ ਸਭਿਆਚਾਰਕ ਉਤਸਵ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਇਸਾਈ ਭਾਈਚਾਰੇ ਦੇ ਲਈ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਈਸ਼ਵਰ ਮਾਨਵ ਦੇ ਰੂਪ ਵਿਚ ਆਏ, ਮਾਨਵਤਾ ਦੇ ਪਾਪਾਂ ਨੂੰ ਬਖ਼ਸ਼ਣ ਦੇ ਲਈ, ਯਿਸੂ ਦਾ ਸਹੀ ਜਨਮ ਤਾਰੀਖ਼ ਜਾਨਣ ਦੀ ਬਜਾਏ ਕ੍ਰਿਸਮਿਸ ਮਨਾਉਣ ਦਾ ਇਕ ਖ਼ੂਬਸੂਰਤ ਮਾਨਵਤਾਵਾਦੀ ਪ੍ਰਾਥਮਿਕ ਉਦੇਸ਼ ਮੰਨਿਆ ਜਾਂਦਾ ਹੈ। ਮੁੱਖ ਰੂਪ ਵਿਚ 25 ਦਸੰਬਰ ਨੂੰ ਮਨਾਇਆ ਜਾਂਦਾ ਹੈ। ਇਸਾਈ ਭਾਈਚਾਰੇ ਵਿਚ ਇਕ ਧਾਰਮਿਕ ਸਾਲ ਲਈ ਇਕੱਠ ਭੋਜਨ ਦਾ ਉਤਸਵ ਵੀ ਹੁੰਦਾ ਹੈ। ਭਰ ਸਰਦੀਆਂ ਦੇ ਮੌਸਮ ਵਿਚ ਸੰਯੁਕਤ ਭਾਈਚਾਰੇ ਦਾ ਇਕ ਅੰਤਰ ਦ੍ਰਿਸ਼ਟੀ ਅਤੇ ਅਲੌਕਿਕ ਸੰਦੇਸ਼ ਮਿਲਦਾ ਹੈ। ਕਰਾਈਸਟ ਮਾਸਟਾਈਡ ਦੇ ਮੌਸਮ ਦੀ ਸ਼ੁਰੂਆਤ ਕਰਦਾ ਹੈ। ਜੋ ਇਤਿਹਾਸਕ ਰੂਪ ਵਿਚ ਪੱਛਮ ਵਿਚ ਬਾਰ੍ਹਾਂ ਦਿਨਾਂ ਤਕ ਚਲਦਾ ਹੈ ਅਤੇ ਬਾਹਰਵੀਂ ਰਾਤ ਨੂੰ ਸਮਾਪਤ ਹੁੰਦਾ ਹੈ। ਕ੍ਰਿਸਮਿਸ ਦਿਵਸ ਕਈ ਦੇਸ਼ਾਂ ਵਿਚ ਸਮੂਹਿਕ ਛੁੱਟੀ ਅਵਕਾਸ ਦਾ ਪ੍ਰਤੀਕ ਵੀ ਹੈ। ਬਹੁਤਾਤ ਰੂਪ ਵਿਚ ਇਸਾਈ ਭਾਈਚਾਰੇ ਦੁਆਰਾ ਧਾਰਮਿਕ ਰੂਪ ਵਿਚ ਮਨਾਇਆ ਜਾਂਦਾ ਹੈ। ਇਹ ਉਤਸਵ ਗ਼ੈਰ ਇਸਾਈ ਭਾਈਚਾਰੇ ਤੋਂ ਇਲਾਵਾ ਛੁੱਟੀਆਂ ਦਾ ਆਨੰਦ ਮਾਨਣ ਲਈ ਹੋਰ ਧਰਮਾਂ ਦੇ ਲੋਕ ਵੀ ਮਨੋਰੰਜ਼ਨ ਅਤੇ ਦੋਸਤਾਨਾਂ ਸੰਬੰਧਾਂ ਵਿਚ ਮਿਠਾਸ, ਅਪਣਾਮਨ, ਆਤਮ ਸਜਗਤਾ, ਸਾਮਾਲਿਕ ਚੇਤਨਾ, ਵਿਸ਼ਵ ਮਾਨਤਾਵਾਦੀ ਮਾਨਵ ਪ੍ਰਤੀ ਅਟੁੱਟ ਆਸਥਾ ਦੇ ਨਾਲ-ਨਾਲ ਬੱਚਿਆਂ ਸਮੇਤ ਅਨੇਕ ਮਨੋਰੰਜ਼ਨ ਦੀਆਂ ਕਿਰਿਆਵਾਂ ਵਿਚ ਖੁਸ਼ੀ, ਉਮੰਗ, ਸ਼ਰਧਾ ਤੇ ਸਹਾਨਭੂਤੀ ਪਰਿਪਕਤਾ ਭਰਦੇ ਹੋਏ ਮਨਾਉਂਦੇ ਹਨ। ਪ੍ਰਭੂ ਈਸਾ ਮਸੀਹ ਨੂੰ ਯਾਦ ਕਰੀਏ ਤਾਂ ਇਸਾਈ ਭਾਈਚਾਰਾ ਉਨ੍ਹਾਂ ਨੂੰ ਈਸ਼ਵਰ ਦਾ ਪੁੱਤਰ ਮੰਨਦੇ ਹਨ। ਕ੍ਰਿਸਮਿਸ ਦਾ ਨਾਂਅ ਮਾਸ ਆਫ ਕਰਾਈਸਟ (ਜਾਂ ਜੀਸਸ) ਤੋਂ ਆਇਆ ਹੈ। ਇਸਾਈ ਭਾਈਚਾਰੇ ਦੀ ਠੋਸ ਪਰੰਪਰਾ ਅਤੇ ਵਿਸ਼ਵਾਸ ਹੈ ਕਿ ਯਿਸੂ ਸਾਡੇ ਲਈ ਮਰੇ ਅਤੇ ਫਿਰ ਜੀਵਿਤ ਹੋ ਗਏ। ਪਰੰਪਰਾ ਹੈ ਕਿ ਸੂਰਜ ਡੁਬਣ ਅਤੇ ਅਗਲੇ ਦਿਨ ਸੂਰਜ ਚੜ੍ਹਣ ਤੋਂ ਪਹਿਲਾਂ ਦੇ ਆਗਮਨ ਨੂੰ ਮੱਧ ਰਾਤਰੀ ਨੂੰ ਜੀਵਨ ਰੱਖਣ ਲਈ ਕਰਾਈਸਟ ਮਾਸ ਦਾ ਨਾਮ ਮਿਲਦਾ ਹੈ। ਜਿਸ ਨੂੰ ਛੋਟਾ ਕਰਕੇ ਕ੍ਰਿਸਮਿਸ ਦਾ ਰੂਪ ਕਰ ਦਿੱਤਾ ਗਿਆ। ਕ੍ਰਿਸਮਿਸ ਅਜ ਕਲ ਦੁਨੀਆਂ ਭਰ ਦੇ ਲੋਕਾਂ ਵਿਚ ਮਨਾਇਆ ਜਾਂਦਾ ਹੈ, ਚਾਹੇ ਕੋਈ ਇਸਾਈ ਹੈ ਜਾਂ ਨਹੀਂ। ਇਸ ਸਮੇਂ ਪਰਿਵਾਰ ਅਤੇ ਦੋਸਤ ਪਰਿਵਾਰ ਨਾਲ ਮਿਲ ਕੇ ਸੰਯੁਕਤ ਭੋਜਨ ਇਸ ਵਿਚ ਤਰ੍ਹਾਂ-ਤਰ੍ਹਾਂ ਦੇ ਪਕਵਾਣ, ਮਿਸ਼ਠਾਣ ਅਤੇ ਤੋਹਫਿਆਂ ਦਾ ਆਦਾਨ-ਪ੍ਰਦਾਨ ਖ਼ੁਸ਼ੀ ਪੂਰਵਕ ਹੁੰਦਾ ਹੈ। ਭਾਵ ਕਿ ਇਸ ਪਰੰਪਰਾ ਦਾ ਸੰਦੇਸ਼ ਹੈ, ਖ਼ੂਬਸੂਰਤ ਆਦਾਨ-ਪ੍ਰਦਾਨ ਹੀ ਸੁਚੱਜਾ ਸੰਸਾਰ ਸਿਰਜ ਸਕਦਾ ਹੈ। ਲੋਕਾਂ ਵਿਚ ਸਰਦੀਆਂ ਦੇ ਹਨੇਰੇ ਵਿਚ ਸੂਰਜ ਦੀ ਜਿੱਤ ਦਾ ਜਸ਼ਨ-ਉਤਸਵ ਹਰਸ਼ੋਉਲਾਸ ਨਾਲ ਮਨਾਇਆ ਜਾਂਦਾ ਹੈ। ਇਹ ਇਕ ਮੱਧ ਸਰਦੀਆਂ ਦਾ ਸਾਂਝੀਵਾਲਤਾ ਨਾਲ ਉਤਪ੍ਰੋਤ ਇਨਸਾਨੀ ਕਦਰਾਂ ਕੀਮਤਾਂ ਦਾ ਤਿਉਹਾਰ ਹੈ। ਇਸਾਈ ਭਾਈਚਾਰੇ ਦਾ ਵਿਸ਼ਵਾਸ ਹੈ ਕਿ ਯਿਸੂ ਹੀ ਜਗਤ ਦਾ ਪ੍ਰਕਾਸ਼ ਹੈ। ਵੇਖਿਆ ਜਾਂ ਪੜ੍ਹਣ ਮੰਥਣ ਕੀਤਾ ਜਾਵੇ ਤਾਂ ਕ੍ਰਿਸਮਿਸ ਪਰੰਪਰਾਵਾਂ ਦੀਆਂ ਖ਼ੂਬਸੂਰਤ ਗੂੜਤਾਵਾਂ ਵਿਚ ਡੁੱਬਿਆ ਹੋਇਆ ਇਨਸਾਨੀ ਕਦਰਾਂ ਕੀਮਤਾਂ ਵਾਲਾ ਇਕ ਲੰਬਾ ਇਤਿਹਾਸ ਹੈ। ਅਜ ਕਲ ਇਸ ਉਤਸਵ ਨੂੰ ਮੁੱਖ ਰੂਪ ਵਿਚ ਲਾਲ ਰੰਗ ਦੇ ਹੱਸ ਮੁੱਖ ਵਿਅਕਤੀ ਤੇ ਰੂਪ ਵਿਚ ਅਲੰਕਾਰਿਤ ਕੀਤਾ ਜਾਂਦਾ ਹੈ, ਜੋ ਕ੍ਰਿਸਮਿਸ ਦੀ ਪੂਰਵ ਸੰਧਿਆ ਤੋਂ ਲੜਕੇ ਅਤੇ ਲੜਕੀਆਂ ਲਈ ਖਿਡੌਣੇ ਲੈ ਕੇ ਆਉਂਦਾ ਹੈ। ਜਦੋਂ ਸੰਤ ਨਿਕੋਲਸ ਧਰਤੀ ਉਪਰ ਚੱਲੇ ਅਤੇ ਉਨ੍ਹਾਂ ਦੀ ਹਿਫ਼ਾਜਿਤ ਲਈ ਸੰਤ ਬਣੇ। ਇਸ ਲਈ ਅਜ ਵੀ ਬੱਚਿਆਂ ਦੇ ਮਹਾਨ ਰਕਸ਼ਕ ਸੰਤ ਜੋ ਸਾਂਤਾ ਦੇ ਰੂਪ ਵੀ ਨਜ਼ਰ ਆਉਂਦੇ ਹਨ। ਫਿਰ ਸਾਂਤਾ ਮਹਾਂਪੁਰਸ਼ ਇਕ ਕਾਲਪ ਨਿਕ ਪ੍ਰਾਣੀ ਜਿੰਨ੍ਹਾਂ ਦੇ ਬਾਰੇ ਸੋਚਿਆ ਜਾਂਦਾ ਹੈ ਕਿ ਉਹ ਕ੍ਰਿਸਮਿਸ ਦੇ ਉਤਸਵ ਦੇ ਸਮੇਂ ਬੱਚਿਆਂ ਲਈ ਉਪਹਾਰ ਲਿਆਉਂਦੇ ਹਨ। ਬੱਚੇ ਉਮੰਗ ਤਰੰਗ ਅਤੇ ਮਨੋਰੰਜ਼ਨ ਦੀ ਭਾਵਨਾ ਨਾਲ ਉਨ੍ਹਾਂ ਦੇ ਨਾਲ ਫ਼ੋਟੋ ਖਿਚਵਾ ਕੇ ਖੁਸ਼ੀ ਮਹਿਸੂਸ ਕਰਦੇ ਹਨ। ਅਨੇਕਾਂ ਬੱਚੇ ਹਰ ਸਾਲ ਕ੍ਰਿਸਮਿਸ ਦੀ ਉਡੀਕ ਵਿਚ ਲਾਲਾਇਕ ਅਤੇ ਉਤਸੁਕਤਾ ਪੂਰਵਕ ਜਗਿਆਸਾ ਨਾਲ ਕ੍ਰਿਸਮਿਸ ਦੀ ਪੂਰਵ ਸੰਧਿਆ ਦਾ ਇੰਤਜ਼ਾਰ ਕਰਦੇ ਹਨ। ਇਸ ਉਤਸਵ ਦੇ ਸੰਦਰਭ ਵਿਚ ਵੱਖ-ਵੱਖ ਜਥੇਬੰਦੀਆਂ, ਸਭਾਵਾਂ, ਕਲਾਕਾਰ, ਗਾਇਕ, ਆਰਟਿਸਟ, ਡਿਜ਼ਾਈਨਰ, ਖੇਡ ਜਥੇਬੰਦੀਆਂ, ਖੇਡ ਵਿਭਾਗ ਅਤੇ ਅਨੇਕਾਂ ਹੀ ਸੰਸਥਾਵਾਂ ਸਿਰਜਨਾਤਮਿਕ ਸਸਤੇ ਕਾਰਜ ਤੇ ਕਿਰਿਆਵਾਂ ਕਰਦੇ ਹਨ ਤਾਂ ਜੋ ਲੋਕਾਂ ਦਾ ਵੱਧ ਤੋਂ ਵੱਧ ਮਨੋਰੰਜ਼ਨ ਹੋ ਸਕੇ। ਆਤਮ ਤੁਸ਼ਟੀ ਅਤੇ ਭੌਤਿਕ-ਸੰਸਾਰੀ ਰੂਪ ਸੁੱਖਾਂ ਦਾ ਆਨੰਦ ਲੈ ਸਕਣ। ਵੇਖਿਆ ਜਾਵੇ ਤਾਂ ਛੋਟੀਆਂ-ਛੋਟੀਆਂ ਖੁਸ਼ੀਆਂ ਦਾ ਸੰਗ੍ਰਹਿ ਹੀ ਜੀਵਨ ਹੈ। ਇਸ ਉਤਸਵ ਵਿਚ ਛੋਟੀਆਂ-ਛੋਟੀਆਂ ਖ਼ੁਸ਼ੀਆਂ ਸਿਰੋ ਦਿੱਤੀਆਂ ਜਾਂਦੀਆਂ ਹਨ। ਇਸ ਦਿਨ ਬੱਚਿਆਂ ਲਈ ਤਰ੍ਹਾਂ-ਤਰ੍ਹਾਂ ਦੇ ਪੰਘੂੜੇ, ਬਿਜਲੀ ਉਪਕਰਣ ਖਿਡੌਣੈ, ਝੂਲੇ, ਪੇ-ਟਿੰਗਸ ਮੁਕਾਬਲੇ, ਤਰ੍ਹਾਂ-ਤਰ੍ਹਾਂ ਦੇ ਨ੍ਰਿਤ-ਡਾਂਸ, ਸਾਜ-ਸਜਾਵਟ ਦੇ ਨਾਲ-ਨਾਲ ਇਕ ਅਲੌਕਿਕ ਅਤੇ ਲੋਕਿਕ ਚਮਕਦਾਰ ਰੌਸ਼ਨੀਆਂ ਦੇ ਪ੍ਰਕਾਸ਼ ਦਾ ਗਗਨ ਚੁੰਬੀ ਨਜ਼ਾਰਾ ਕਿਸੇ ਜੰਨਤ ਦਾ ਸਾਰਥਕ ਰੂਪ ਹੋ ਨਿਬੜਦਾ ਹੈ। ਤਰ੍ਹਾਂ-ਤਰ੍ਹਾਂ ਦੀ ਅਦੂਭੁਤ, ਰੰਗੀਨ, ਫਬੀਲੀ ਮਨਮੋਹਿਦੀ, ਸੁੰਦਰਤਾ ਦੀ ਸ਼ੈਲੀ ਅਤੇ ਸ਼ਿਲਪ ਵਿਚ ਲੈਂਡ ਸਕੇਪਿੰਗ ਜੰਨਤ ਦੀ ਪਰਾਏਵਾਚੀ ਹੋ ਜਾਂਦੀ ਹੈ। ਕਣ-ਕਣ ਵਿਚ ਪ੍ਰਭੂ ਯਿਸੂ ਦੀ ਮਹਿਮਾ ਦਾ ਨਜ਼ਾਰਾਂ ਨਜ਼ਰ ਆਉਂਦਾ ਹੈ। ਰੰਗਾਂ, ਢੰਗਾਂ, ਸੰਗਾਂ, ਉਮੰਗਾਂ, ਲਲਕ, ਲਪਕ ਦੇ ਸਮੋਹਿਕ ਦ੍ਰਿਸ਼ਾਂ ਵਿਚ ਚਾਰੇ ਪਾਸੇ ਪ੍ਰਭੂ ਯਿਸੂ ਦਾ ਗੁਣਗਾਣ ਅਤੇ ਉਸਤਿਤ ਵਿਚ ਸਮਾਜਿਕ ਪ੍ਰਭੂਤਾ ਦੇ ਬੋਧ ਵਿਚ ਇਕ ਪਰੰਪਰਾ ਨੂੰ ਸਾਕਾਰ ਰੂਪ ਹੋ ਜਾਂਦਾ ਹੈ। ਆਉ ਰਲ ਮਿਲ ਸਭ ਸਾਂਝੀਵਾਲਤਾ ਵਿਚ ਕ੍ਰਿਸਮਿਸ ਉਤਸਵ ਮਨਾਈਏ।

## ਪੇਟੀ ਵਾਲੀ ਵਧੀਆ ਚਾਹ ਪੱਤੀ / ਮਿੰਨੀ ਕਹਾਣੀ

ਕਰਿਆਨੇ ਦੇ ਸੌਦੇ ਲੈਣ ਲਈ ਜਦੋਂ ਮੈਂ ਲੱਕੀ ਕਰਿਆਨਾ ਸਟੋਰ ਬਲਾਚੌਰ ਪਹੁੰਚਿਆ, ਤਾਂ ਮੈਨੂੰ ਵੇਖ ਕੇ ਸਟੋਰ ਵਾਲਾ ਵੇਦ ਪ੍ਰਕਾਸ਼ ਬੋਲਿਆ,÷ ਆਉ ਮਾਸਟਰ ਜੀ, ਬੈਠੋ ਬੈਂਚ ਤੇ, ਦੱਸੋ ਕੀ ਸੇਵਾ ਕਰੀਏ ? ਮੈਂ ਆਪਣੀ ਜੇਬ ਵਿੱਚੋਂ ਲੋੜੀਂਦੇ ਸੌਦਿਆਂ ਦੀ ਲਿਸਟ ਕੱਢ ਕੇ ਵੇਦ ਪ੍ਰਕਾਸ਼ ਦੇ ਹੱਥ ਫੜਾ ਦਿੱਤੀ ਅਤੇ ਆਪ ਬੈਂਚ ਤੇ ਬੈਠ ਗਿਆ। ਉਸ ਨੇ ਵੀਹ ਕੁ ਮਿੰਟਾਂ ਵਿੱਚ ਲਿਸਟ ਵਿੱਚ ਲਿਖੇ ਸੌਦਿਆਂ ਨੂੰ ਲਿਫਾਫਿਆਂ ਵਿੱਚ ਪਾ ਕੇ ਬਿੱਲ ਬਣਾਉਣਾ ਸ਼ੁਰੂ ਕਰ ਦਿੱਤਾ। ਬਿੱਲ ਬਣਾਉਣ ਅਤੇ ਸਾਰੇ ਸੌਦੇ ਪੈਕ ਕਰਨ ਪਿੱਛੋਂ ਉਸ ਨੇ ਆਖਿਆ, ਮਾਸਟਰ ਜੀ, ਹੋਰ ਸਾਰੇ ਸੌਦੇ ਤਾਂ ਤੁਸੀਂ ਲੈ ਲਏ, ਪਰ ਐਤਕੀਂ ਚਾਹ ਪੱਤੀ ਨਹੀਂ ਲਈ। ਸਾਡੇ ਕੋਲ ਪੇਟੀ ਵਾਲੀ ਵਧੀਆ ਚਾਹ ਪੱਤੀ ਕੱਲ੍ਹ ਹੀ ਆਈ ਆ। ਜੇ ਹੁਕਮ ਹੋਵੇ, ਤਾਂ ਵਿਖਾਵਾਂ ? ਮੈਂ ਸੋਚਿਆ, ਚਾਹ ਪੱਤੀ ਵੇਖਣ ਵਿੱਚ ਕੀ ਹਰਜ਼ ਆ। ਵੇਖ ਲੈਂਦੇ ਹਾਂ। ÷ਵਿਖਾ ਦਿਉ ਫਿਰ। ਮੈਂ ਆਖਿਆ। ਜਦੋਂ ਵੇਦ ਪ੍ਰਕਾਸ਼ ਨੇ ਪੇਟੀ ਦਾ ਢੱਕਣ ਚੁੱਕਿਆ, ਤਾਂ ਉਸ ਵਿੱਚ ਪਏ ਜੈ ਹਨੂੰਮਾਨ ਚਾਹ ਪੱਤੀ ਦੇ ਦੋ ਖਾਲੀ ਪੈਕਟ ਮੇਰੇ ਨਜ਼ਰੀਂ ਪੈ ਗਏ। ਪਤਾ ਨਹੀਂ ਹੋਰ ਕਿੰਨੇ ਕੁ ਪੈਕਟ ਇਸ ਚਾਹ ਪੱਤੀ ਵਾਲੇ ਉਸ ਨੇ ਪੇਟੀ ਵਿੱਚ ਖੋਲ੍ਹ ਕੇ ਸੁੱਟੇ ਹੋਣਗੇ। ਪੇਟੀ ਵਾਲੀ ਸਾਰੀ ਵਧੀਆ ਚਾਹ ਪੱਤੀ ਇਨ੍ਹਾਂ ਪੈਕਟਾਂ ਦੀ ਹੀ ਸੀ। ਇਹ ਚਾਹ ਪੱਤੀ ਵਾਲੇ ਪੈਕਟ ਉਸ ਦੇ ਵਾਰ, ਵਾਰ ਕਹਿਣ ਤੇ ਵੀ ਮੈਂ ਕਦੇ ਖਰੀਦੇ ਨਹੀਂ ਸਨ। ਇਹ ਵੇਖ ਕੇ ਮੇਰਾ ਦਿਲ ਖੱਟਾ ਹੋ ਗਿਆ। ਮੈਂ ਆਪਣਾ ਵਿਚਾਰ ਇੱਕ ਦਮ ਬਦਲ ਕੇ ਆਖਿਆ,÷ ਮੇਰੇ ਕੋਲ ਹਾਲੇ ਪਹਿਲੀ ਚਾਹ ਪੱਤੀ ਪਈ ਆ। ਉਹ ਖਤਮ ਹੋਣ ਤੇ ਇਹ ਵਧੀਆ ਚਾਹ ਪੱਤੀ ਲੈ ਜਾਵਾਂਗਾ।ਮੈਂ ਸੌਦਿਆਂ ਦਾ ਬਿੱਲ ਦਿੱਤਾ ਤੇ ਪੈਕ ਕੀਤੇ ਸੌਦਿਆਂ ਨੂੰ ਚੁੱਕ ਕੇ ਲੱਕੀ ਕਰਿਆਨਾ ਸਟੋਰ ਤੋਂ ਬਾਹਰ ਆ ਗਿਆ।

ਮਹਿੰਦਰ ਸਿੰਘ ਮਾਨ
ਫੋਨ 9915803554

## ਮੈਂ ਵਾਰੀ ਵਾਰੀ ਆਂ

ਘਰ ਦੇ ਸਾਹਮਣੇ ਵਾਲੇ ਟੋਭੇ ਦੇ ਉੱਤੋਂ ਦੀ ਲੰਘ ਕੇ ਹਵਾ ਜਦੋਂ ਆ ਕੇ ਮੇਰੇ ਚ ਟਕਰਾਉਂਦੀ ਤਾਂ ਮਹਿਸੂਸ ਹੁੰਦਾ ਜਿਉਂ ਚਿਰਾਂ ਪਿੱਛੋਂ ਰੱਬ ਕੁਦਰਤ ਦੇ ਠੰਢੇ ਮਿੱਠੇ ਸੁਨੇਹੇ ਘੱਲ ਰਿਹਾ ਹੋਵੇ ਅੱਜ ਦੀ ਧੁੱਪਾਂ ਅਤੇ ਵਿੱਚੇ ਵਿੱਚੇ ਉਡਦੀ ਮਿੱਟੀ ਨਵੀਂ ਜੀ ਪ੍ਰਤੀਤ ਹੋ ਰਹੀ ਸੀ।ਘਰ ਦੇ ਚਾਰੇ ਪਾਸੇ ਵੇਖਦੀ ਤਾਂ ਡਰਾਉਣੇ ਜਿਹੇ ਮਹਿਸੂਸ ਹੁੰਦੇ ਦਰੱਖਤ ਅੱਜ ਹੱਸਦੇ ਗਾਉਂਦੇ ਨਜ਼ਰ ਆ ਰਹੇ ਸੀ ਪੱਤਿਆ ਦੀ ਅਵਾਜ ਬੱਚਿਆਂ ਦੀ ਕਿਲਕਾਰੀਆਂ ਵਾਂਗ ਪ੍ਰਤੀਤ ਹੋ ਰਹੀ ਸੀ।ਕੱਲ੍ਹ ਤੱਕ ਏਦਾਂ ਦਾ ਕੁੱਝ ਨਹੀਂ ਸੀ ਕੱਲ੍ਹ ਤੋਂ ਪਹਿਲਾਂ ਸਭ ਕੁੱਝ ਝੂਠ ,ਗਲਤ ਅਤੇ ਮਾੜਾ ਹੀ ਨਜ਼ਰ ਆ ਰਿਹਾ ਸੀ । ਕੱਲ੍ਹ ਵਾਪਰੀ ਇੱਕ ਘਟਨਾ ਜਿਉਂ ਵੱਡਾ ਬਦਲਾਅ ਲੈ ਕੇ ਆਈ ਸੀ । ਗੱਲ ਸਿੱਖਣ ਦੀ ਸੀ ਤੇ ਜੀਹਨੇ ਇਹ ਜਾਂਚ ਸਿੱਖ ਲਈ ਫੇਰ ਸਭ ਵਹਿਮ ਭਰਮ ਦੂਰ ਹੋ ਜਾਂਦੇ ਹਨ ।ਜਿਵੇਂ ਅਸੀਂ ਅਕਸਰ ਕਿਤੇ ਨਾ ਕਿਤੇ ਜਾਂਦੇ ਰਹਿੰਦੇ ਹਾਂ ਕਿਸੇ ਮੰਦਰ ,ਗੁਰਦੁਆਰੇ, ਡੇਰੇ ਜਾਂ ਪੀਰਾਂ ਫਕੀਰਾਂ ਦੇ ਅਤੇ ਸਾਡੀਆਂ ਆਸਾਂ ਉਮੀਦਾਂ ਹੁੰਦੀਆ ਨੇ ਕਿ ਫ਼ਲ ਲੱਗ ਜਾਵੇ ਸਾਡੇ ਭਾਗਾਂ ਨੂੰ, ਕਰਮਾਂ ਨੂੰ ਕੋਈ ਵੀ ਅਸਥਾਨ ਹੋਵੇ ਅਸੀਂ ਬਹੁਤ ਕਾਹਲ ਚੁੱਕਦੇ ਹਾਂ ਸਾਡੇ ਅੰਦਰਲੇ ਸਬਰ, ਨਿਮਰਤਾ ਵਿੱਚ ਵਾਧਾ ਕਰਨ ਦੀ ਵਜਾਏ ਅਸੀਂ ਸਾਡੀ ਕਾਹਲ ,ਉਤਸੁਕਤਾ, ਪ੍ਰਸ਼ਨਾਵਲੀ ਅਤੇ ਸ਼ੱਕਾਂ ਨੂੰ ਜਨਮ ਦੇਣ ਲੱਗ ਜਾਂਦੇ ਹਾਂ ਅਤੇ ਮੈਂ ਕੱਲ ਦੇ ਦਿਨ ਇਹੀ ਇਕ ਅਨਮੋਲ ਖਜ਼ਾਨਾ ਲੱਭ ਲਿਆ ਸੀ ਕਿ ਸਬਰ ਬਹੁਤ ਵੱਡੀ ਚੀਜ਼ ਹੈ ਇਹ ਸਿਖਤ ਮੈਨੂੰ ਕੁਦਰਤ ਵਿੱਚੋਂ ਹੀ ਲੱਭੀ ।ਕੁਦਰਤ ਤੇ ਰੱਬ ਇਹ ਦੋਨੋਂ ਵਿਸ਼ੇ ਅਲੱਗ ਨਹੀਂ ਹੋ ਸਕਦੇ ।ਜੇ ਤੁਸੀ ਕੁਦਰਤ ਦੇ ਆਸ ਪਾਸ ਰਹਿੰਦੇ ਹੋ ਤਾਂ ਰੱਬ ਵੀ ਨੇੜੇ ਨੇੜੇ ਹੀ ਮਹਿਸੂਸ ਹੁੰਦਾ ਹੈ ।ਅੱਜ ਕੁਦਰਤ ਮੈਨੂੰ ਇਉਂ ਪ੍ਰਤੀਤ ਹੋ ਰਹੀ ਸੀ ਜਿਵੇਂ ਮੇਰੇ ਕੋਲ ਬਹਿ ਕੇ ਗੱਲਾਂ ਸੁਣ ਰਹੀ ਹੋਵੇ ਆਪਣੀ ਬੁੱਕਲ ਵਿਚੋਂ ਸ਼ਬਦ ਕੱਢ ਕੱਢ ਕੇ ਮੇਰੇ ਲਈ ਚਿਣ ਰਹੀ ਹੋਵੇ ।ਰੱਬ ਸਾਡੇ ਆਪਣੇ ਵਿਸ਼ਵਾਸ ਦਾ ਵਿਸ਼ਾ ਹੁੰਦਾ ਹੈ ।ਮੌਜੂਦਾ ਚੀਜ਼ਾਂ ਰਿਸ਼ਤਿਆ ਦੇ ਲਈ ਸ਼ੁਕਰਗੁਜ਼ਾਰ ਹੋ ਕੇ ਹੀ ਆਪਣੀਆਂ ਆਸਾਂ ਉਮੀਦਾ ਦੇ ਪੂਰ ਚੜ੍ਹਨ ਦੇ ਰਾਹ ਨੂੰ ਹੋਰ ਸੁਖਾਲਾ ਕੀਤਾ ਜਾ ਸਕਦੈ।ਕੁਦਰਤ ਵਿੱਚ ਲੁਕੀਆਂ ਪਈਆਂ ਇਹ ਗੱਲਾਂ ਸਾਨੂੰ ਖੁਦ ਲੱਭਣੀਆਂ ਪੈਂਦੀਆਂ ਹਨ।ਆਪਣੇ ਕੰਮ-ਕਾਰ, ਕਿੱਤੇ ਨਾਲ ਪਿਆਰ ਪੈ ਜਾਣ ਤੇ ਹੀ ਸਭ ਸੁਖਾਲਾ ਜਿਹਾ ਮਹਿਸੂਸ ਹੁੰਦਾ ਹੈ ।ਇਹ ਭਾਰ ਸੋਚਾਂ- ਟੈਂਨਸ਼ਨਾ ਇਹ ਸਭ ਤਾਂ ਦਿਮਾਗ ਦੀ ਹੀ ਉਪਜ਼ ਹੁੰਦੀਆਂ ਹਨ।ਜਦੋਂ ਅਸੀਂ ਇਹਨਾਂ ਗੱਲਾਂ ਨੂੰ ਆਪਣੇ ਤੇ ਹਾਵੀ ਹੋਣ ਦਿੰਦੇ ਹਾਂ ਤਾਂ ਫਿਰ ਇਹ ਵੱਧਦੇ ਵੱਧਦੇ ਅਸਲ ਦਾ ਰੂਪ ਧਾਰਨ ਕਰਨ ਲੱਗ ਪੈਂਦੀਆਂ ਹਨ।ਸਾਡਾ ਦਿਮਾਗ ਉਸ ਰੱਬ ਦਾ ਵਾਸ ਹੈ ।ਇਹਨੂੰ ਸਾਫ ਸੁਥਰਾ ਰੱਖਦਿਆ ਕੁਦਰਤ ਨਾਲ ਸਾਂਝ ਬਣਾਉਂਦਿਆਂ ਹੀ ਜਿੰਦਗੀਆਂ ਸੰਵਰਦੀਆ ਹੁੰਦੀਆਂ ਨੇ ਤੇ ਇਸ ਸਭ ਨੂੰ ਸਮਾਂ ਤੇ ਚਾਹੀਦਾ ਹੀ ਹੁੰਦਾ ਹੈ।ਕਦੇ ਕਦੇ ਪਲ ਦੋ ਪਲ ਇਕਾਂਤ ਵਿੱਚ ਬੈਠਦਿਆਂ ਆਪਣੇ ਮਨ ਨੂੰ ਫਰੋਲਦਿਆਂ ਸਭ ਕੁਝ ਲੱਭਿਆ ਜਾ ਸਕਦਾ ਹੈ ।ਇਹ ਹਾਸੇ ਖੁਸ਼ੀਆਂ ਵਿਸ਼ਵਾਸ ਸਭ ਅੰਦਰ ਹੀ ਹੁੰਦੇ ਹਨ ਇਹ ਬਾਹਰ ਦੇ ਵਿਸ਼ੇ ਨਹੀਂ।ਮਹਿਸੂਸ ਕਰਨ ਤੇ ਪਤਾ ਲੱਗਦੈ ਹਰ ਚੀਜ਼ ਵਿੱਚ ਕਿੰਨਾ ਸੁਹੱਪਣ ਹੈ , ਬਣਾਉਣ ਵਾਲੇ ਨੇ ਕਿਦਾਂ ਰੰਗ ਭਰੇ ਹੋਣੇ ਨੇ, ਉਹ ਆਪ ਕਿੰਨਾ ਸੋਹਣਾ ਹੋਣਾ, ਜਿਹਨੇ ਇੰਨੀ ਸੋਹਣੀ ਧਰਤ ਬਣਾਈ , ਇਹ ਪੱਤੇ , ਫੁੱਲ, ਟਹਿਣੀਆਂ,ਪੱਥਰ, ਪਾਣੀ ,ਤਪਸ਼ ,ਮੀਂਹ ,ਬੱਦਲ ਸਭ ਅਚੰਭਿਤ ਜਿਹੇ ਕਰਦੇ ਰਹਿੰਦੇ ਨੇ ਤੇ ਦਿਲ ਵਿੱਚ ਆਉਂਦਾ ਰਹਿੰਦਾ ਹੈ ਕਿ“ ਰੰਗ ਚੁਣ ਚੁਣ ਕਿ ਸਜਾਉਣ ਵਾਲਿਆ ਮੈਂ ਵਾਰੀ ਵਾਰੀ ਆਂ, ਤੇਰੇ ਤੋਂ ਕੁਦਰਤ ਬਣਾਉਣ ਵਾਲਿਆ ,ਮੈਂ ਵਾਰੀ ਵਾਰੀ ਆਂ, ਤੇਰੇ ਤੋਂ ਕੁਦਰਤ ਬਣਾਉਣ ਵਾਲਿਆ“

ਗੁਰਜੀਤ ਕੌਰ ਬਡਾਲੀ 9814168716

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 333

Website: www.preetnama.com Email preetnamausa@gmail.com

19 DEC TO 23 DEC, 2025




# ਮਨਰੇਗਾ ਬਨਾਮ ਵਿਕਾਸਿਤ ਭਾਰਤ ਰੁਜ਼ਗਾਰ ਅਤੇ ਆਜੀਵਿਕਾ ਗਰੰਟੀ ਮਿਸ਼ਨ (ਵੀਬੀ-ਜੀ ਰਾਮਜੀ) ਬਿੱਲ (ਗ੍ਰਾਮੀਣ) - ਅਧਿਕਾਰ -ਅਧਾਰਤ ਕਾਨੂੰਨ ਤੋਂ ਮਿਸ਼ਨ-ਅਧਾਰਤ ਮਾਡਲ ਤੱਕ ਦੀ ਯਾਤਰਾ

- ਵੀਬੀ-ਜੀ ਰਾਮਜੀ ਬਿੱਲ ਲੋਕ ਸਭਾ ਵਿੱਚ ਪੇਸ਼ ਕੀਤਾ ਗਿਆ ਸੀ - ਸੰਸਦ ਵਿੱਚ ਹੰਗਾਮਾ ਹੋਇਆ ਸੀ-ਵਿਰੋਧੀ ਪਾਰਟੀਆਂ ਨੇ ਬਿੱਲ ਦਾ ਸਖ਼ਤ ਵਿਰੋਧ ਕੀਤਾ
- ਮਨਰੇਗਾ ਇੱਕ ਅਧਿਕਾਰ-ਅਧਾਰਤ ਕਾਨੂੰਨ ਸੀ, ਜਦੋਂ ਕਿ ਵੀਬੀ-ਜੀ ਰਾਮਜੀ ਬਿੱਲ ਚਿੰਤਾਵਾਂ ਪੈਦਾ ਕਰਦਾ ਹੈ ਕਿ ਇਹ ਮਿਸ਼ਨ ਮੋਡ ਵਿੱਚ ਲਾਗੂ ਕੀਤੀ ਗਈ ਇੱਕ ਯੋਜਨਾ ਬਣ ਸਕਦੀ ਹੈ



ਗੋਂਡੀਆ - ਭਾਰਤੀ ਪੇਂਡੂ ਅਰਥਵਿਵਸਥਾ ਦਹਾਕਿਆਂ ਤੋਂ ਢਾਂਚਾਗਤ ਚੁਣੌਤੀਆਂ, ਬੇਰੁਜ਼ਗਾਰੀ, ਅਸਥਾਈ ਰੋਜ਼ੀ-ਰੋਟੀ ਅਤੇ ਖੇਤੀਬਾੜੀ-ਅਧਾਰਤ ਜੋਖਮਾਂ ਨਾਲ ਜੂਝ ਰਹੀ ਹੈ। 2005 ਵਿੱਚ ਲਾਗੂ ਕੀਤਾ ਗਿਆ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਐਕਟ (ਮਨਰੇਗਾ), ਇਹਨਾਂ ਚੁਣੌਤੀਆਂ ਦੇ ਵਿਰੁੱਧ ਇੱਕ ਇਤਿਹਾਸਕ ਦਖਲ ਸੀ, ਜਿਸਨੇ ਪੇਂਡੂ ਨਾਗਰਿਕਾਂ ਨੂੰ ਪਹਿਲੀ ਵਾਰ ਰੁਜ਼ਗਾਰ ਦਾ ਕਾਨੂੰਨੀ ਅਧਿਕਾਰ ਦਿੱਤਾ। ਵਿਕਾਸ ਭਾਰਤ ਰੁਜ਼ਗਾਰ ਅਤੇ ਆਜੀਵਿਕਾ ਗਰੰਟੀ ਮਿਸ਼ਨ (ਗ੍ਰਾਮੀਣ) (ਵੀਬੀ-ਜੀ ਰਾਮਜੀ) ਬਿੱਲ, ਜੋ ਹੁਣ ਸੰਸਦ ਵਿੱਚ ਪੇਸ਼ ਕੀਤਾ ਗਿਆ ਹੈ, ਨਾ ਸਿਰਫ਼ ਇਸ ਕਾਨੂੰਨ ਨੂੰ ਰੱਦ ਕਰਦਾ ਹੈ, ਸਗੋਂ ਇੱਕ ਨਵੇਂ ਕਾਨੂੰਨੀ ਢਾਂਚੇ ਦੇ ਅੰਦਰ ਪੇਂਡੂ ਰੁਜ਼ਗਾਰ ਦੀ ਧਾਰਨਾ ਨੂੰ ਮੁੜ ਪਰਿਭਾਸ਼ਿਤ ਕਰਨ ਦਾ ਦਾਅਵਾ ਵੀ ਕਰਦਾ ਹੈ। ਇਹੀ ਕਾਰਨ ਹੈ ਕਿ ਇਹ ਬਿੱਲ ਨੀਤੀਗਤ ਦੀ ਬਜਾਏ ਰਾਜਨੀਤਿਕ, ਵਿਚਾਰਧਾਰਕ ਅਤੇ ਸਮਾਜਿਕ ਬਹਿਸ ਦਾ ਕੇਂਦਰ ਬਣ ਗਿਆ ਹੈ। ਮੈਂ, ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਨੀ, ਗੋਂਡੀਆ, ਮਹਾਰਾਸ਼ਟਰ, ਦਾ ਮੰਨਣਾ ਹੈ ਕਿ ਸੰਵਿਧਾਨਕ ਦ੍ਰਿਸ਼ਟੀਕੋਣ ਤੋਂ, ਮਨਰੇਗਾ ਨੇ ਧਾਰਾ 21 (ਜੀਵਨ ਦਾ ਅਧਿਕਾਰ) ਅਤੇ ਧਾਰਾ 39 (ਰਾਜ ਨੀਤੀ ਦੇ ਨਿਰਦੇਸ਼ਕ ਸਿਧਾਂਤ) ਦੀ ਭਾਵਨਾ ਨੂੰ ਮੂਰਤੀਮਾਨ ਕੀਤਾ ਹੈ। ਜੇਕਰ ਨਵਾਂ ਕਾਨੂੰਨ ਅਧਿਕਾਰ-ਅਧਾਰਤ ਨਹੀਂ ਹੈ, ਤਾਂ ਸਵਾਲ ਉੱਠਦਾ ਹੈ ਕਿ ਕੀ ਇਹ ਸੰਵਿਧਾਨ ਦੀ ਸਮਾਜਿਕ ਨਿਆਂ ਦੀ ਭਾਵਨਾ ਤੋਂ ਭਟਕਣਾ ਨੂੰ ਦਰਸਾਉਂਦਾ ਹੈ। ਇਹ ਮੁੱਦਾ ਭਵਿੱਖ ਵਿੱਚ ਨਿਆਂਇਕ ਸਮੀਖਿਆ ਦਾ ਵਿਸ਼ਾ ਵੀ ਬਣ ਸਕਦਾ ਹੈ।

ਦੋਸਤੋ, ਜੇਕਰ ਅਸੀਂ ਇਹ ਸਮਝਣ ਦੀ ਕੋਸ਼ਿਸ਼ ਕਰੀਏ ਕਿ ਵੀਬੀ-ਜੀ ਰਾਮਜੀ ਬਿੱਲ ਕੀ ਹੈ, ਇੱਕ ਨਵਾਂ ਕਾਨੂੰਨੀ ਢਾਂਚਾ, ਤਾਂ ਵੀਬੀ-ਜੀ ਰਾਮਜੀ ਬਿੱਲ ਦਾ ਪੂਰਾ ਨਾਮ ਵਿਕਾਸ ਭਾਰਤ ਰੁਜ਼ਗਾਰ ਅਤੇ ਆਜੀਵਿਕਾ ਗਰੰਟੀ ਮਿਸ਼ਨ (ਗ੍ਰਾਮੀਣ) ਬਿੱਲ ਹੈ। ਸਰਕਾਰ ਦੇ ਅਨੁਸਾਰ, ਇਹ ਕਾਨੂੰਨ ਇੱਕ ਵਿਕਸਤ ਭਾਰਤ 2047 ਦੇ ਰਾਸ਼ਟਰੀ ਦ੍ਰਿਸ਼ਟੀਕੋਣ ਦੇ ਅਨੁਸਾਰ ਹੈ, ਜਿਸਦਾ ਉਦੇਸ਼ ਪੇਂਡੂ ਭਾਰਤ ਨੂੰ ਸਿਰਫ਼ ਅਸਥਾਈ ਰੁਜ਼ਗਾਰ ਨਹੀਂ, ਸਗੋਂ ਟਿਕਾਊ ਰੋਜ਼ੀ-ਰੋਟੀ, ਹੁਨਰ-ਅਧਾਰਤ ਰੁਜ਼ਗਾਰ ਅਤੇ ਆਰਥਿਕ ਸਵੈ-ਨਿਰਭਰਤਾ ਵੱਲ ਲਿਜਾਣਾ ਹੈ। ਬਿੱਲ ਪੇਂਡੂ ਪਰਿਵਾਰਾਂ ਲਈ ਗਾਰੰਟੀਸ਼ੁਦਾ ਕੰਮ ਦੇ ਦਿਨਾਂ ਦੀ ਗਿਣਤੀ 100 ਤੋਂ ਵਧਾ ਕੇ 125 ਕਰਨ ਦਾ ਪ੍ਰਸਤਾਵ ਰੱਖਦਾ ਹੈ, ਜਿਸਦਾ ਦਾਅਵਾ ਕੀਤਾ ਜਾਂਦਾ ਹੈ ਕਿ ਇਹ ਪੇਂਡੂ ਕਾਮਿਆਂ ਦੀ ਸਾਲਾਨਾ ਆਮਦਨ ਵਧਾਏਗਾ। ਨਵਾਂ ਕਾਨੂੰਨ, ਮਨਰੇਗਾ ਨੂੰ ਖਤਮ ਕਰਕੇ ਇੱਕ ਇਤਿਹਾਸਕ ਤਬਦੀਲੀ ਸੰਸਦ ਵਿੱਚ ਪੇਸ਼ ਹੋਣ ’ਤੇ ਵਿਵਾਦ ਪੈਦਾ ਕਰ ਦਿੱਤਾ ਕਿਉਂਕਿ ਇਹ 2005 ਦੇ ਮਨਰੇਗਾ ਐਕਟ ਨੂੰ ਪੂਰੀ ਤਰ੍ਹਾਂ ਰੱਦ ਕਰਦਾ ਹੈ। ਮਨਰੇਗਾ ਨੂੰ ਸਿਰਫ਼ ਇੱਕ ਯੋਜਨਾ ਵਜੋਂ ਹੀ ਨਹੀਂ ਸਗੋਂ ਇੱਕ ਸਮਾਜਿਕ ਸੁਰੱਖਿਆ ਅਤੇ ਅਧਿਕਾਰ-ਅਧਾਰਤ ਕਾਨੂੰਨ ਵਜੋਂ ਸਥਾਪਿਤ ਕੀਤਾ ਗਿਆ ਹੈ। ਇਸ ਵਿੱਚ ਕੰਮ ਕਰਨ ਦਾ ਅਧਿਕਾਰ, ਸਮੇਂ ਸਿਰ ਕੰਮ ਨਾ ਕਰਨ ’ਤੇ ਬੇਰੁਜ਼ਗਾਰੀ ਭੱਤਾ, ਅਤੇ ਪਾਰਦਰਸ਼ਤਾ ਲਈ ਸਮਾਜਿਕ ਆਡਿਟ ਵਰਗੇ ਪ੍ਰਬੰਧ ਸ਼ਾਮਲ ਸਨ। ਵੀਬੀ-ਜੀ ਰਾਮਜੀ ਬਿੱਲ ਇਨ੍ਹਾਂ ਪ੍ਰਬੰਧਾਂ ਨੂੰ ਕਿਸ ਹੱਦ ਤੱਕ ਬਰਕਰਾਰ ਰੱਖਦਾ ਹੈ ਜਾਂ ਬਦਲਦਾ ਹੈ, ਇਹ ਮੌਜੂਦਾ ਬਹਿਸ ਦਾ ਕੇਂਦਰ ਬਿੰਦੂ ਹੈ। ਗਾਰੰਟੀਸ਼ੁਦਾ ਕੰਮ ਦੇ ਦਿਨ - 100 ਤੋਂ ਵਧਾ ਕੇ 125 ਦਿਨਾਂ ਦਾ ਪ੍ਰਸਤਾਵ ਹੈ। ਸਰਕਾਰ ਦਾ ਕਹਿਣਾ ਹੈ ਕਿ 125 ਦਿਨਾਂ ਦੀ ਰੁਜ਼ਗਾਰ ਗਰੰਟੀ ਪੇਂਡੂ ਪਰਿਵਾਰਾਂ ਨੂੰ ਵਧੇਰੇ ਆਰਥਿਕ ਸੁਰੱਖਿਆ ਪ੍ਰਦਾਨ ਕਰੇਗੀ। ਇਹ ਕਦਮ ਉਨ੍ਹਾਂ ਖੇਤਰਾਂ ਵਿੱਚ ਖਾਸ ਤੌਰ ’ਤੇ ਮਹੱਤਵਪੂਰਨ ਮੰਨਿਆ ਜਾਂਦਾ ਹੈ ਜਿੱਥੇ ਖੇਤੀਬਾੜੀ ਮੌਸਮ ’ਤੇ ਬਹੁਤ ਜ਼ਿਆਦਾ ਨਿਰਭਰ ਹੈ ਅਤੇ ਗੈਰ-ਖੇਤੀਬਾੜੀ ਰੁਜ਼ਗਾਰ ਦੇ ਮੌਕੇ ਸੀਮਤ ਹਨ। ਹਾਲਾਂਕਿ, ਮਾਹਰਾਂ ਦਾ ਤਰਕ ਹੈ ਕਿ ਦਿਨਾਂ ਦੀ ਗਿਣਤੀ ਵਧਾਉਣਾ ਤਾਂ ਹੀ ਸਾਰਥਕ ਹੋਵੇਗਾ ਜੇਕਰ ਭੁਗਤਾਨ ਸਮੇਂ ਸਿਰ ਹੋਣ, ਕੰਮ ਦੀ ਗੁਣਵੱਤਾ ਯਕੀਨੀ ਬਣਾਈ ਜਾਵੇ, ਅਤੇ ਬਜਟ ਵੰਡ ਕਾਫ਼ੀ ਹੋਵੇ। ਰਾਜਾਂ ’ਤੇ ਵਿੱਤੀ ਬੋਝ ਵਧੇਗਾ - ਵੀਬੀ-ਜੀ

ਰਾਮਜੀ ਬਿੱਲ ਵਿੱਚ ਇੱਕ ਵੱਡਾ ਢਾਂਚਾਗਤ ਬਦਲਾਅ ਇਹ ਹੈ ਕਿ ਇਹ ਰਾਜ ਸਰਕਾਰਾਂ ਦੀ ਵਿੱਤੀ ਜ਼ਿੰਮੇਵਾਰੀ ਨੂੰ ਵਧਾਉਂਦਾ ਹੈ। ਮਨਰੇਗਾ ਵਿੱਚ ਕੇਂਦਰ ਸਰਕਾਰ ਦੀ ਭਾਗੀਦਾਰੀ ਮੁਕਾਬਲਤਨ ਜ਼ਿਆਦਾ ਸੀ, ਜਦੋਂ ਕਿ ਨਵੇਂ ਬਿੱਲ ਵਿੱਚ ਰਾਜਾਂ ਨੂੰ ਵਧੇਰੇ ਯੋਗਦਾਨ ਪਾਉਣ ਦੀ ਲੋੜ ਹੈ। ਇਸ ਨੇ ਸੰਘੀ ਢਾਂਚੇ ਵਿੱਚ ਅਸੰਤੁਲਨ ਬਾਰੇ ਚਿੰਤਾਵਾਂ ਪੈਦਾ ਕੀਤੀਆਂ ਹਨ, ਖਾਸ ਕਰਕੇ ਉਨ੍ਹਾਂ ਰਾਜਾਂ ਵਿੱਚ ਜਿਨ੍ਹਾਂ ਦੀ ਵਿੱਤੀ ਸਥਿਤੀ ਪਹਿਲਾਂ ਹੀ ਕਮਜ਼ੋਰ ਹੈ। ਨੀਤੀਗਤ ਧਿਆਨ ਨੂੰ ਰੁਜ਼ਗਾਰ ਤੋਂ ਰੋਜ਼ੀ-ਰੋਟੀ ਵੱਲ ਤਬਦੀਲ ਕਰਨਾ -ਸਰਕਾਰ ਦਾ ਦਾਅਵਾ ਹੈ ਕਿ ਇਹ ਬਿੱਲ ਨਾ ਸਿਰਫ਼ ਨੌਕਰੀਆਂ ਪ੍ਰਦਾਨ ਕਰਨ ’ਤੇ ਧਿਆਨ ਕੇਂਦਰਿਤ ਕਰੇਗਾ ਬਲਕਿ ਪੇਂਡੂ ਖੇਤਰਾਂ ਵਿੱਚ ਟਿਕਾਊ ਰੋਜ਼ੀ-ਰੋਟੀ ਦਾ ਵਿਕਾਸ ਵੀ ਕਰੇਗਾ। ਹੁਨਰ ਵਿਕਾਸ, ਸਥਾਨਕ ਸਰੋਤਾਂ ’ਤੇ ਆਧਾਰਿਤ ਰੁਜ਼ਗਾਰ, ਪੇਂਡੂ ਉੱਦਮਤਾ ਅਤੇ ਸਵੈ-ਨਿਰਭਰਤਾ ਨੂੰ ਤਰਜੀਹ ਦਿੰਦੇ ਹੋਏ, ਇਹ ਪਹੁੰਚ ਅੰਤਰਰਾਸ਼ਟਰੀ ਪੱਧਰ ’ਤੇ ਅਪਣਾਏ ਗਏ ਟਿਕਾਊ ਰੋਜ਼ੀ-ਰੋਟੀ ਪਹੁੰਚ ਨਾਲ ਮੇਲ ਖਾਂਦੀ ਹੈ। ਦੋਸਤੋ, ਜੇਕਰ ਅਸੀਂ ਮਨਰੇਗਾ ਬਨਾਮ ਵੀਬੀ-ਜੀ ਰਾਮਜੀ ਬਾਰੇ ਗੱਲ ਕਰੀਏ: ਬੁਨਿਆਦੀ ਅੰਤਰ ਨੂੰ ਸਮਝਦੇ ਹੋਏ, ਮਨਰੇਗਾ ਇੱਕ ਅਧਿਕਾਰ-ਅਧਾਰਤ ਕਾਨੂੰਨ ਸੀ, ਜਿਸ ਨੇ ÷ਕੰਮ ਭਾਲਣ÷ ਦੇ ਅਧਿਕਾਰ ਨੂੰ ਸਪੱਸ਼ਟ ਤੌਰ ’ਤੇ ਸ਼ਾਮਲ ਕੀਤਾ ਸੀ। ਇਸਦੇ ਉਲਟ, ਵੀਬੀ-ਜੀ ਰਾਮਜੀ ਬਿੱਲ ਬਾਰੇ ਚਿੰਤਾਵਾਂ ਹਨ ਕਿ ਇਹ ਅਧਿਕਾਰ-ਅਧਾਰਤ ਪਹੁੰਚ ਤੋਂ ਭਟਕ ਸਕਦਾ ਹੈ ਅਤੇ ਇੱਕ ਮਿਸ਼ਨ-ਅਧਾਰਤ ਯੋਜਨਾ ਬਣ ਸਕਦਾ ਹੈ। ਜੇਕਰ ਅਜਿਹਾ ਹੁੰਦਾ ਹੈ, ਤਾਂ ਪੇਂਡੂ ਕਾਮਿਆਂ ਦੀ ਕਾਨੂੰਨੀ ਸੁਰੱਖਿਆ ਕਮਜ਼ੋਰ ਹੋ ਸਕਦੀ ਹੈ। ਕੰਮ ਦੀ ਪ੍ਰਕਿਰਤੀ - ਅਕੁਸ਼ਲ ਮਜ਼ਦੂਰੀ ਤੋਂ ਰੋਜ਼ੀ-ਰੋਟੀ ਤੱਕ: ਮਨਰੇਗਾ ਮੁੱਖ ਤੌਰ ’ਤੇ ਅਕੁਸ਼ਲ ਮਜ਼ਦੂਰੀ ’ਤੇ ਕੇਂਦ੍ਰਿਤ ਹੈ, ਜਿਵੇਂ ਕਿ ਪਾਣੀ ਦੀ ਸੰਭਾਲ, ਸੜਕ ਨਿਰਮਾਣ, ਤਲਾਅ ਦੀ ਖੁਦਾਈ, ਆਦਿ। ਇਸਦੇ ਉਲਟ, ਵੀਬੀ-ਜੀ ਰਾਮਜੀ ਬਿੱਲ ਰੁਜ਼ਗਾਰ ਤੋਂ ਪਰੇ ਰੋਜ਼ੀ-ਰੋਟੀ ਵੱਲ ਜਾਣ ਦਾ ਦਾਅਵਾ ਕਰਦਾ ਹੈ। ਇਹ ਹੁਨਰ ਵਿਕਾਸ, ਸਥਾਨਕ ਸਰੋਤਾਂ ’ਤੇ ਅਧਾਰਤ ਰੁਜ਼ਗਾਰ ਅਤੇ ਪੇਂਡੂ ਉੱਦਮਤਾ ਦੀ ਮੰਗ ਕਰਦਾ ਹੈ। ਇਹ ਤਬਦੀਲੀ ਸਿਧਾਂਤਕ ਤੌਰ ’ਤੇ ਸਕਾਰਾਤਮਕ ਹੈ,ਪਰ ਇਹ ਤਾਂ ਹੀ ਸਫਲ ਹੋਵੇਗੀ ਜੇਕਰ ਜ਼ਮੀਨੀ ਪੱਧਰ ’ਤੇ ਢੁਕਵੀਂ ਸਿਖਲਾਈ ਅਤੇ ਬਾਜ਼ਾਰ ਸਬੰਧ ਯਕੀਨੀ ਬਣਾਏ ਜਾਣ। ਵਿੱਤੀ ਢਾਂਚਾਕੇਂਦਰ ਬਨਾਮ ਰਾਜ: ਕੇਂਦਰ ਸਰਕਾਰ ਮਨਰੇਗਾ ਵਿੱਚ ਵਿੱਤੀ ਬੋਝ ਦਾ ਵੱਡਾ ਹਿੱਸਾ ਸਹਿਣ ਕਰਦੀ ਸੀ, ਜੋ ਰਾਜਾਂ ਨੂੰ ਸਾਪੇਖਿਕ ਰਾਹਤ ਪ੍ਰਦਾਨ ਕਰਦੀ ਸੀ। ਨਵਾਂ ਬਿੱਲ ਰਾਜ ਸਰਕਾਰਾਂ ਦੇ ਵਿੱਤੀ ਹਿੱਸੇ ਨੂੰ ਵਧਾਉਂਦਾ ਹੈ। ਇਸ ਨਾਲ ਸੰਘੀ ਢਾਂਚੇ ਵਿੱਚ ਅਸੰਤੁਲਨ ਬਾਰੇ ਚਿੰਤਾਵਾਂ ਪੈਦਾ ਹੋਈਆਂ ਹਨ, ਖਾਸ ਕਰਕੇ ਗਰੀਬ ਅਤੇ ਪਛੜੇ ਰਾਜਾਂ ਲਈ। ਮਹੱਤਵਪੂਰਨ ਸਵਾਲ ਇਹ ਹੈ ਕਿ ਕੀ ਸਾਰੇ ਰਾਜ ਇਸ ਵਧੇ ਹੋਏ ਬੋਝ ਨੂੰ ਸਹਿਣ ਦੇ ਯੋਗ ਹੋਣਗੇ। ਪਾਰਦਰਸ਼ਤਾ ਅਤੇ ਜਵਾਬਦੇਹੀ: ਮਨਰੇਗਾ ਦੀ ਇੱਕ ਵੱਡੀ ਤਾਕਤ ਇਸਦਾ ਸਮਾਜਿਕ ਆਡਿਟ ਵਿਧੀ ਸੀ, ਜਿਸਨੇ ਇਸਨੂੰ ਮੁਕਾਬਲਤਨ ਪਾਰਦਰਸ਼ੀ ਬਣਾਇਆ। ਇਹ ਅਜੇ ਸਪੱਸ਼ਟ ਨਹੀਂ ਹੈ ਕਿ ਵੀਬੀ-ਜੀ ਰਾਮਜੀ ਬਿੱਲ ਵਿੱਚ ਅਜਿਹੇ ਸੁਤੰਤਰ ਸਮਾਜਿਕ ਆਡਿਟ ਵਿਧੀ ਕਿੰਨੇ ਮਜ਼ਬੂਤ ? ?ਹੋਣਗੇ। ਜੇਕਰ ਜਵਾਬਦੇਹੀ ਵਿਧੀ ਕਮਜ਼ੋਰ ਹੋ ਜਾਂਦੀ ਹੈ, ਤਾਂ ਭ੍ਰਿਸ਼ਟਾਚਾਰ ਅਤੇ ਅਸਮਾਨ ਲਾਗੂਕਰਨ ਦਾ ਜੋਖਮ ਵਧ ਸਕਦਾ ਹੈ। ਰਾਜਨੀਤਿਕ ਅਰਥਵਿਵਸਥਾ: ਮਨਰੇਗਾ ਨੇ ਪੇਂਡੂ ਮਜ਼ਦੂਰਾਂ ਨੂੰ ਘੱਟੋ-ਘੱਟ ਸੁਰੱਖਿਆ

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ
ਖਰਾ ਸੱਚ
ਐਡਵੋਕੇਟ ਕਿਸ਼ਨ ਸੰਮੁਖਦਾਸ ਭਵਾਨੀ,
ਗੋਂਡੀਆ,ਮਹਾਰਾਸ਼ਟਰ 9284141425

ਪ੍ਰਦਾਨ ਕਰਕੇ ਪੇਂਡੂ ਅਰਥਵਿਵਸਥਾ ਵਿੱਚ ਮੰਗ ਨੂੰ ਬਣਾਈ ਰੱਖਿਆ। ਜੇਕਰ ਨਵਾਂ ਕਾਨੂੰਨ ਇਸ ਸੁਰੱਖਿਆ ਨੂੰ ਕਮਜ਼ੋਰ ਕਰਦਾ ਹੈ, ਤਾਂ ਇਸਦਾ ਪ੍ਰਭਾਵ ਮਜ਼ਦੂਰਾਂ ਤੱਕ ਸੀਮਿਤ ਨਹੀਂ ਹੋਵੇਗਾ ਬਲਕਿ ਪੂਰੀ ਪੇਂਡੂ ਅਰਥਵਿਵਸਥਾ ਨੂੰ ਪ੍ਰਭਾਵਤ ਕਰੇਗਾ। ਸਰਕਾਰ ਦਾ ਦਾਅਵਾ ਹੈ ਕਿ ਇੱਕ ਰੋਜ਼ੀ-ਰੋਟੀ-ਕੇਂਦ੍ਰਿਤ ਮਾਡਲ ਲੰਬੇ ਸਮੇਂ ਵਿੱਚ ਵਧੇਰੇ ਟਿਕਾਊ ਹੋਵੇਗਾ, ਪਰ ਥੋੜ੍ਹੇ ਸਮੇਂ ਦਾ ਪਰਿਵਰਤਨ ਚੁਣੌਤੀਪੂਰਨ ਹੋ ਸਕਦਾ ਹੈ।

ਦੋਸਤੋ, ਜੇਕਰ ਅਸੀਂ ਮਹਾਤਮਾ ਗਾਂਧੀ ਦੇ ਨਾਮ ਨੂੰ ਹਟਾਉਣ ’ਤੇ ਵਿਚਾਰ ਕਰੀਏ - ਪ੍ਰਤੀਕਾਤਮਕ ਜਾਂ ਵਿਚਾਰਧਾਰਕ ਫੈਸਲਾ ? ਬਿੱਲ ਪ੍ਰਤੀ ਸਭ ਤੋਂ ਸਖ਼ਤ ਰਾਜਨੀਤਿਕ ਪ੍ਰਤੀਕਿਰਿਆ ਮਹਾਤਮਾ ਗਾਂਧੀ ਦੇ ਨਾਮ ਨੂੰ ਹਟਾਉਣਾ ਹੈ। ਵਿਰੋਧੀ ਧਿਰ ਦਾ ਤਰਕ ਹੈ ਕਿ ਗਾਂਧੀ ਸਿਰਫ਼ ਇੱਕ ਨਾਮ ਨਹੀਂ ਹੈ, ਸਗੋਂ ਪੇਂਡੂ ਵਿਕਾਸ, ਕਿਰਤ ਦੀ ਇੱਜ਼ਤ ਅਤੇ ਸਮਾਜਿਕ ਨਿਆਂ ਦਾ ਪ੍ਰਤੀਕ ਹੈ। ਪ੍ਰਿਯੰਕਾ ਗਾਂਧੀ ਸਮੇਤ ਕਈ ਵਿਰੋਧੀ ਆਗੂਆਂ ਨੇ ਸਵਾਲ ਕੀਤਾ ਹੈ ਕਿ ਨਾਮ ਬਦਲਣ ਨਾਲ ਜ਼ਮੀਨੀ ਮੁੱਦਿਆਂ ਨੂੰ ਕਿਵੇਂ ਹੱਲ ਕੀਤਾ ਜਾਵੇਗਾ ਅਤੇ ਇਸ ਦੇ ਨਤੀਜੇ ਵਜੋਂ ਸਰਕਾਰੀ ਫੰਡਾਂ ਦਾ ਬੇਲੋੜਾ ਖਰਚ ਕਿਉਂ ਹੋ ਰਿਹਾ ਹੈ। ਪ੍ਰਿਯੰਕਾ ਗਾਂਧੀ ਦੇ ਬਿਆਨ ਨੇ ਵਿਰੋਧੀ ਧਿਰ ਦੀ ਚਿੰਤਾ ਜ਼ਾਹਰ ਕਰਦੇ ਹੋਏ ਬਿੱਲ ’ਤੇ ਸਵਾਲ ਉਠਾਇਆ, ਜਿਸ ਵਿੱਚ ਕਿਹਾ ਗਿਆ ਹੈ ਕਿ ਮਹਾਤਮਾ ਗਾਂਧੀ ਦਾ ਨਾਮ ਨਾ ਸਿਰਫ਼ ਭਾਰਤ ਵਿੱਚ ਸਗੋਂ ਪੂਰੀ ਦੁਨੀਆ ਵਿੱਚ ਸਤਿਕਾਰ ਦਾ ਪ੍ਰਤੀਕ ਹੈ। ਉਸਨੇ ਦਲੀਲ ਦਿੱਤੀ ਕਿ ਜਦੋਂ ਯੋਜਨਾਵਾਂ ਦਾ ਨਾਮ ਬਦਲਿਆ ਜਾਂਦਾ ਹੈ, ਤਾਂ ਸਰਕਾਰੀ ਦਫ਼ਤਰਾਂ, ਦਸਤਾਵੇਜ਼ਾਂ ਅਤੇ ਸਟੇਸ਼ਨਰੀ ਵਿੱਚ ਬਦਲਾਅ ’ਤੇ ਮਹੱਤਵਪੂਰਨ ਖਰਚਾ ਹੁੰਦਾ ਹੈ, ਜਿਸਦਾ ਸਿੱਧਾ ਲਾਭ ਜਨਤਾ ਨੂੰ ਨਹੀਂ ਹੁੰਦਾ। ਉਸਨੇ ਇਸਨੂੰ ਅਸਲ ਮੁੱਦਿਆਂ ਤੋਂ ਭਟਕਾਉਣ ਵਜੋਂ ਦੱਸਿਆ। ਵਿਰੋਧੀ ਧਿਰ ਦੀਆਂ ਚਿੰਤਾਵਾਂ: ਅਧਿਕਾਰਾਂ ਨੂੰ ਕਮਜ਼ੋਰ ਕਰਨ ਦਾ ਡਰ: ਵਿਰੋਧੀ ਧਿਰ ਦਾ ਮੁੱਖ ਦੋਸ਼ ਹੈ ਕਿ ਮਨਰੇਗਾ ਨੂੰ ਖਤਮ ਕਰਨਾ ਗਰੀਬਾਂ ਦੇ ਅਧਿਕਾਰਾਂ ਨੂੰ ਕਮਜ਼ੋਰ ਕਰਨ ਦੇ ਬਰਾਬਰ ਹੈ। ਉਨ੍ਹਾਂ ਦਾ ਤਰਕ ਹੈ ਕਿ ਜੇਕਰ ਨਵਾਂ ਕਾਨੂੰਨ ਅਧਿਕਾਰ-ਅਧਾਰਤ ਨਹੀਂ ਹੈ ਸਗੋਂ ਯੋਜਨਾ-ਅਧਾਰਤ ਹੈ, ਤਾਂ ਭਵਿੱਖ ਦੀਆਂ ਸਰਕਾਰਾਂ ਇਸਨੂੰ ਆਸਾਨੀ ਨਾਲ ਸੋਧ ਜਾਂ ਸੀਮਤ ਕਰ ਸਕਦੀਆਂ ਹਨ। ਸੰਸਦੀ ਬਹਿਸ ਅਤੇ ਸੰਭਾਵੀ ਹੰਗਾਮਾ: ਇਹਨਾਂ ਮੁੱਦਿਆਂ ਦੇ ਕਾਰਨ, ਸੰਸਦ ਵਿੱਚ ਇਸ ਬਿੱਲ ’ਤੇ ਗਰਮਾ-ਗਰਮ ਬਹਿਸ ਦੀ ਉਮੀਦ ਹੈ। ਇਹ ਬਹਿਸ ਸਿਰਫ਼ ਰੁਜ਼ਗਾਰ ਨੀਤੀ ਤੱਕ ਹੀ ਸੀਮਿਤ ਨਹੀਂ ਹੋਵੇਗੀ, ਸਗੋਂ ਸੰਵਿਧਾਨ, ਸੰਘੀ ਢਾਂਚੇ, ਸਮਾਜਿਕ ਨਿਆਂ ਅਤੇ ਗਾਂਧੀਵਾਦੀ ਕਦਰਾਂ-ਕੀਮਤਾਂ ਤੱਕ ਵੀ ਫੈਲੇਗੀ।

ਦੋਸਤੋ, ਜੇਕਰ ਅਸੀਂ ਗ੍ਰਾਮੀਣ ਸਰਕਾਰ ਦੇ ਰੁਖ਼, ਨਵੀਂ ਗਤੀ ਅਤੇ ਵਿਕਸਤ ਭਾਰਤ ਦੇ ਟੀਚੇ ਬਾਰੇ ਗੱਲ ਕਰੀਏ, ਤਾਂ ਕੇਂਦਰ ਸਰਕਾਰ ਕਹਿੰਦੀ ਹੈ ਕਿ ਇਹ ਬਿੱਲ ਪੇਂਡੂ ਭਾਰਤ ਨੂੰ ਇੱਕ ÷ਨਵੀਂ ਗਤੀ÷ ਦੇਵੇਗਾ ਅਤੇ 2047 ਤੱਕ ਭਾਰਤ ਨੂੰ ਵਿਕਸਤ ਰਾਸ਼ਟਰ ਬਣਾਉਣ ਦੇ ਟੀਚੇ ਨੂੰ ਪ੍ਰਾਪਤ ਕਰਨ ਵਿੱਚ ਮੁੱਖ ਭੂਮਿਕਾ ਨਿਭਾਏਗਾ। ਸਰਕਾਰ ਦੇ ਅਨੁਸਾਰ, ਮਨਰੇਗਾ ਦੀਆਂ ਸੀਮਾਵਾਂ ਨੂੰ ਪਛਾਣਦੇ ਹੋਏ, ਇਹ ਨਵਾਂ ਕਾਨੂੰਨ ਇੱਕ ਵਧੇਰੇ ਆਧੁਨਿਕ, ਨਤੀਜਾ-ਮੁਖੀ ਅਤੇ ਲੰਬੇ ਸਮੇਂ ਦਾ ਹੱਲ ਪੇਸ਼ ਕਰਦਾ ਹੈ।

ਦੋਸਤੋ, ਜੇਕਰ ਅਸੀਂ ਅੰਤਰਰਾਸ਼ਟਰੀ ਦ੍ਰਿਸ਼ਟੀਕੋਣ ਤੋਂ ਰੁਜ਼ਗਾਰ ਗਾਰੰਟੀ ਦੀ ਵਿਸ਼ਵਵਿਆਪੀ ਸਾਰਥਕਤਾ ’ਤੇ ਵਿਚਾਰ ਕਰੀਏ, ਤਾਂ ਰੁਜ਼ਗਾਰ ਗਾਰੰਟੀ ਵਰਗੇ ਪ੍ਰੋਗਰਾਮਾਂ ਨੂੰ ਵਿਸ਼ਵ ਪੱਧਰ ’ਤੇ ਮਹੱਤਵਪੂਰਨ ਸਮਾਜਿਕ ਸੁਰੱਖਿਆ ਸਾਧਨਾਂ ਵਜੋਂ ਦੇਖਿਆ ਜਾਂਦਾ ਹੈ। ਭਾਰਤ ਦਾ ਇਹ ਨਵਾਂ ਪ੍ਰਯੋਗ ਅੰਤਰਰਾਸ਼ਟਰੀ ਭਾਈਚਾਰੇ ਦੀ ਜਾਂਚ ਦੇ ਅਧੀਨ ਵੀ ਹੋਵੇਗਾ ਕਿ ਕੀ ਇਹ ਅਧਿਕਾਰ-ਅਧਾਰਤ ਮਾਡਲ ਤੋਂ ਭਟਕਣ ਦੇ ਬਾਵਜੂਦ ਸਮਾਨ ਜਾਂ ਬਿਹਤਰ ਨਤੀਜੇ ਦੇ ਸਕਦਾ ਹੈ। ਦੁਨੀਆ ਭਰ ਦੇ ਬਹੁਤ ਸਾਰੇ ਦੇਸ਼ਾਂ ਨੇ ਰੁਜ਼ਗਾਰ ਗਾਰੰਟੀ ਪ੍ਰੋਗਰਾਮਾਂ ਜਾਂ ਜਨਤਕ ਕਾਰਜ ਪ੍ਰੋਗਰਾਮਾਂ ਨੂੰ ਲਾਗੂ ਕੀਤਾ ਹੈ, ਪਰ ਭਾਰਤ ਦਾ ਮਨਰੇਗਾ ਮਾਡਲ ਇਸ ਲਈ ਵੱਖਰਾ ਹੈ ਕਿਉਂਕਿ ਇਹ ਅਧਿਕਾਰ-ਅਧਾਰਤ ਹੈ। ਜੇਕਰ ਵੀਬੀ-ਜੀਰਾਮਜੀ ਬਿੱਲ ਅਧਿਕਾਰਾਂ ਤੋਂ ਦੂਰ ਜਾਂਦਾ ਹੈ ਅਤੇ ਇੱਕ ਮਿਸ਼ਨ ਮਾਡਲ ਨੂੰ ਅਪਣਾਉਂਦਾ ਹੈ, ਤਾਂ ਭਾਰਤ ਇੱਕ ਵੱਖਰੇ ਵਿਸ਼ਵਵਿਆਪੀ ਪ੍ਰਯੋਗ ’ਤੇ ਉਤਰੇਗਾ, ਜਿਸਦੀ ਸਫਲਤਾ ਜਾਂ ਅਸਫਲਤਾ ’ਤੇ ਅੰਤਰਰਾਸ਼ਟਰੀ ਭਾਈਚਾਰੇ ਦੁਆਰਾ ਨੇੜਿਓਂ ਨਜ਼ਰ ਰੱਖੀ ਜਾਵੇਗੀ। ਇਸ ਲਈ, ਜੇਕਰ ਅਸੀਂ ਉਪਰੋਕਤ ਕਥਨ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰਦੇ ਹਾਂ, ਤਾਂ ਸਾਨੂੰ ਪਤਾ ਲੱਗੇਗਾ ਕਿ ਸੁਧਾਰ ਜਾਂ ਪੁਨਰ ਪਰਿਭਾਸ਼ਾ ? ਵੀਬੀ-ਜੀ ਰਾਮਜੀ ਬਿੱਲ ਬਿਨਾਂ ਸ਼ੱਕ ਪੇਂਡੂ ਰੁਜ਼ਗਾਰ ਨੀਤੀ ਵਿੱਚ ਇੱਕ ਵੱਡੀ ਤਬਦੀਲੀ ਹੈ। ਇਹ ਸਵਾਲ ਖੁੱਲ੍ਹਾ ਰਹਿੰਦਾ ਹੈ ਕਿ ਕੀ ਇਹ ਤਬਦੀਲੀ ਪੇਂਡੂ ਗਰੀਬਾਂ ਦੇ ਜੀਵਨ ਵਿੱਚ ਅਸਲ ਸੁਧਾਰ ਲਿਆਏਗੀ ਜਾਂ ਸਿਰਫ਼ ਇੱਕ ਵਿਚਾਰਧਾਰਕ ਅਤੇ ਪ੍ਰਤੀਕਾਤਮਕ ਪੁਨਰ ਪਰਿਭਾਸ਼ਾ ਹੀ ਰਹੇਗੀ। ਜਵਾਬ ਬਿੱਲ ਦੇ ਅੰਤਮ ਰੂਪ, ਲਾਗੂ ਕਰਨ ਵਿੱਚ ਪਾਰਦਰਸ਼ਤਾ ਅਤੇ ਰਾਜਨੀਤਿਕ ਇੱਛਾ ਸ਼ਕਤੀ ’ਤੇ ਨਿਰਭਰ ਕਰੇਗਾ।



# ਮਾਨਵਵਾਦੀ ਕਹਾਣੀਕਾਰ : ਕੁਲਵੰਤ ਸਿੰਘ ਵਿਰਕ

ਪੰਜਾਬੀ ਦੀ ਬੇਬਾਕ ਗਲਪਕਾਰ ਅਜੀਤ ਕੌਰ ਨੇ ਕੁਲਵੰਤ ਸਿੰਘ ਵਿਰਕ ਨੂੰ 'ਨਿੱਕੀ ਕਹਾਣੀ ਦਾ ਬਾਦਸ਼ਾਹ' ਘੋਸ਼ਿਤ ਕੀਤਾ ਹੈ। ਇਸੇ ਸਿਰਲੇਖ ਵਾਲੇ ਇੱਕ ਰੇਖਾ-ਚਿੱਤਰ ਵਿਚ ਉਹ ਵਿਰਕ, ਦੁੱਗਲ ਤੇ ਸੇਖੋਂ ਨੂੰ ਪੰਜਾਬੀ ਦੇ ਅਜ਼ੀਮ ਕਹਾਣੀਕਾਰ ਦੱਸਦੀ ਹੈ। ਉਹਨੇ ਲਿਖਿਆ ਹੈ ÷ਸ਼ਕਲ ਤੋਂ ਵਿਰਕ ਡਾਕੂ ਲੱਗਦਾ ਸੀ। ਖੁੱਲ੍ਹੀ ਦਾਹੜੀ, ਇਕਹਿਰਾ ਬਦਨ, ਸਿਰ ਤੇ ਵਾਲਾਂ ਦਾ ਛੋਟਾ ਜਿਹਾ ਜੂੜਾ। ਬਾਜ਼ ਵਰਗੀਆਂ ਤੇਜ਼-ਰੌ ਤੇ ਤੇਜ਼-ਰਫ਼ਤਾਰ ਅੱਖਾਂ, ਜਿਹੜੀਆਂ ਵਰਮੀਆਂ ਵਾਗੂੰ ਸਾਹਮਣੇ ਖੜੋਤੇ ਬੰਦੇ ਦੇ ਆਰ-ਪਾਰ ਲੰਘਦੀਆਂ ਜਾਪਦੀਆਂ ਸਨ। ਚੈਖਵ ਵਾਂਗੂੰ ਛੋਟੀਆਂ-ਛੋਟੀਆਂ ਗੱਲਾਂ ਤੇ ਛੋਟੀਆਂ-ਛੋਟੀਆਂ ਘਟਨਾਵਾਂ ਦੇ ਦੁਆਲੇ ਉਹ ਆਪਣੀ ਕਹਾਣੀ ਉਣਦਾ ਹੈ। ਇਹ ਸਹਿਜ-ਸੁਭਾਪਣਾ ਹੀ ਵਿਰਕ ਦੀ ਕਹਾਣੀ ਦਾ ਅਛੂਤਾ ਨਕਸ਼ ਹੈ। ਅਛੂਤਾ ਤੇ ਆਪਣੀ ਕਿਸਮ ਦਾ ਇਕੋ ਇਕ, ਨਿਵੇਕਲਾ। ਕਹਾਣੀਕਾਰ ਤਾਂ ਹੋਰ ਵੀ ਬਥੇਰੇ ਹਨ, ਪਰ ਵਿਰਕ ਦਾ ਅੰਦਾਜ਼ੇ-ਬਿਆਨ ਬਸ ਹੋਰ ਹੀ ਹੈ, ਨਿਰੋਲ ਵਿਰਕਈ।

ਪੰਜਾਬੀ ਵਿਚ ਸਿਰਫ਼ ਕਹਾਣੀਆਂ ਦੇ ਆਧਾਰ ਤੇ ਆਪਣੀ ਅਨੂਠੀ ਸ਼ੈਲੀ ਦਾ ਲੋਹਾ ਮਨਵਾਉਣ ਵਾਲੇ ਇਸ ਲੇਖਕ ਦਾ ਜਨਮ 7 ਮਾਰਚ 1921 ਈ. ਨੂੰ ਫੁੱਲਰਵਾਨ, ਜ਼ਿਲ੍ਹਾ ਸ਼ੇਖੂਪੁਰਾ (ਪਾਕਿਸਤਾਨ) ਵਿਚ ਸ. ਆਸਾ ਸਿੰਘ ਦੇ ਘਰ ਮਾਤਾ ਈਸ਼ਰ ਕੌਰ ਦੀ ਕੁਖੋਂ ਹੋਇਆ। ਉਸਨੇ ਮੁੱਢਲੀ ਵਿਦਿਆ ਨਨਕਾਣਾ ਸਾਹਿਬ ਤੋਂ ਪ੍ਰਾਪਤ ਕੀਤੀ ਅਤੇ ਕੁਝ ਚਿਰ ਚੂਹੜਕਾਣੇ ਵੀ ਪੜ੍ਹਾਈ ਕੀਤੀ। ਫਾਰਮਨ ਕ੍ਰਿਸ਼ਚੀਅਨ ਕਾਲਜ ਲਾਹੌਰ ਤੋਂ ਬੀ.ਏ. ਦੀ ਡਿਗਰੀ ਪ੍ਰਾਪਤ ਕਰਨ ਪਿਛੋਂ ਉਹਨੇ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਅੰਗ੍ਰੇਜ਼ੀ ਵਿਸ਼ੇ ਵਿਚ ਐਮ.ਏ. ਕਰ ਲਈ। ਵਿਦਿਆਰਥੀ ਜੀਵਨ ਵਿਚ ਹੀ ਉਹਨੇ ਕਾਲਜ-ਮੈਗਜ਼ੀਨ ਲਈ ਲਿਖਣਾ ਸ਼ੁਰੂ ਕਰ ਦਿੱਤਾ ਸੀ।

ਪੜ੍ਹਾਈ ਖਤਮ ਕਰਕੇ ਉਹ ਫੌਜ ਵਿਚ ਲੈਫਟੀਨੈਂਟ ਭਰਤੀ ਹੋ ਗਿਆ, ਪਰ ਕੁਝ ਚਿਰ ਪਿਛੋਂ ਇਸ ਨੌਕਰੀ ਤੋਂ ਅਸਤੀਫਾ ਦੇ ਦਿੱਤਾ। 1947 ਵਿਚ ਦੇਸ਼ ਆਜ਼ਾਦ ਹੋਣ ਤੇ ਭਾਰਤ ਸਰਕਾਰ ਨੇ ਉਸਨੂੰ ਸ਼ੇਖੂਪੁਰਾ ਵਿਚ ਲਾਇਜ਼ਾਨ ਅਫਸਰ ਬਣਾ ਕੇ ਭੇਜਿਆ, ਤਾਂ ਜੋ ਪਾਕਿਸਤਾਨ ਵਿਚ ਰਹਿ ਗਈਆਂ ਔਰਤਾਂ ਨੂੰ ਘਰੋ-ਘਰੀ ਭੇਜਿਆ ਜਾ ਸਕੇ । ਇਸ ਸਮੇਂ ਨਾਲ ਸੰਬੰਧਿਤ ਉਸਨੇ ਬਹੁਤ ਸਾਰੀਆਂ ਕਹਾਣੀਆਂ ਲਿਖੀਆਂ, ਜਿਨ੍ਹਾਂ ਵਿਚੋਂ 'ਖੱਬਲ' ਇੱਕ ਹੈ।

1949 ਵਿਚ ਸਰਕਾਰ ਨੇ ਉਸਨੂੰ ਲੋਕ ਸੰਪਰਕ ਵਿਭਾਗ ਵਿਚ ਉੱਚਾ ਅਹੁਦਾ ਪ੍ਰਦਾਨ ਕੀਤਾ। ਉਸਨੇ ਪੰਜਾਬ ਸਰਕਾਰ ਦੇ ਮਾਸਿਕ ਰਸਾਲੇ 'ਜਾਗ੍ਰਤੀ' ਅਤੇ 'ਐਡਵਾਂਸ' ਦੀ ਸੰਪਾਦਨਾ ਦੇ ਨਾਲ-ਨਾਲ 'ਵੀਰ ਭੂਮੀ' ਦਾ ਸੰਪਾਦਨ ਵੀ ਕੀਤਾ। ਉਹ ਕੇਂਦਰੀ ਸਰਕਾਰ ਦੇ ਪ੍ਰੈੱਸ ਇਨਫਰਮੇਸ਼ਨ ਬਿਊਰੋ ਵਿਚ ਪ੍ਰੈੱਸ ਇਨਫਰਮੇਸ਼ਨ ਅਫਸਰ ਵੀ ਰਿਹਾ। 1964 ਤੋਂ 1969 ਤੱਕ ਉਸਨੇ ਦਿੱਲੀ ਵਿਖੇ ਅਤੇ 1969-70 ਵਿਚ ਚੰਡੀਗੜ੍ਹ ਵਿਖੇ ਇਹ ਪਦਵੀ ਸੰਭਾਲੀ।

ਨਿਊਯਾਰਕ ਪ੍ਰੀਤਨਾਮਾ ਖਰਾ ਸੱਚ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ
ਪ੍ਰੋ. ਨਵ ਸੰਗੀਤ ਸਿੰਘ
(9417692015)

1970 ਵਿਚ ਉਸਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਸੂਚਨਾ ਤੇ ਸੰਚਾਰ ਵਿਭਾਗ ਦਾ ਜੁਆਇੰਟ ਡਾਇਰੈਕਟਰ ਨਿਯੁਕਤ ਕੀਤਾ ਗਿਆ। ਉਸਨੇ ਤਿੰਨ ਸਾਲ ਡੈਪੂਟੇਸ਼ਨ ਤੇ ਪੰਜਾਬ ਦੇ ਮੁੱਖ ਮੰਤਰੀ ਦੇ ਪ੍ਰੈੱਸ ਸਕੱਤਰ ਵਜੋਂ ਵੀ ਕਾਰਜ ਕੀਤਾ। 1983 ਵਿਚ ਉਹ ਪੰਜਾਬ ਖੇਤੀ ਯੂਨੀਵਰਸਿਟੀ ਤੋਂ ਸੇਵਾਮੁਕਤ ਹੋ ਗਿਆ। ਕਰੀਬ 66 ਵਰ੍ਹੇ ਦੀ ਉਮਰ ਵਿਚ 24 ਦਸੰਬਰ 1987 ਨੂੰ ਉਸਦਾ ਦਿਹਾਂਤ ਹੋ ਗਿਆ।

ਕੁਲਵੰਤ ਸਿੰਘ ਵਿਰਕ ਪੰਜਾਬੀ ਦੀ ਆਧੁਨਿਕ ਨਿੱਕੀ ਕਹਾਣੀ ਦਾ ਇੱਕ ਅਜਿਹਾ ਵਿਲੱਖਣ ਲੇਖਕ ਸੀ, ਜਿਸਨੇ ਨਿਰੋਲ ਕਹਾਣੀ-ਰਚਨਾ ਕਰਕੇ ਪੰਜਾਬੀ ਸਾਹਿਤ ਵਿਚ ਆਪਣੀ ਵਿਸ਼ੇਸ਼ ਥਾਂ ਬਣਾਈ ਹੈ । ਉਸਦੀ ਕਹਾਣੀ-ਕਲਾ ਦੀ ਵਿਲੱਖਣਤਾ ਦਾ ਰਾਜ਼ ਇਹ ਹੈ ਕਿ ਉਸਨੂੰ ਕਹਾਣੀ ਦੀ ਆਤਮਾ ਦੀ ਪਛਾਣ ਹੈ।

ਕੁਲਵੰਤ ਸਿੰਘ ਵਿਰਕ ਦੀ ਪਹਿਲੀ ਕਹਾਣੀ 'ਚਾਚਾ' 1944 ਵਿਚ ਪ੍ਰਕਾਸ਼ਿਤ ਹੋਈ ਸੀ। ਇਸੇ ਕਹਾਣੀ ਨਾਲ ਵਿਰਕ ਨੇ ਪੰਜਾਬੀ ਕਹਾਣੀ ਦੇ ਖੇਤਰ ਵਿਚ ਇੱਕ ਨਵੀਂ ਸ਼ੁਰੂਆਤ ਦਾ ਸੰਕੇਤ ਦੇ ਦਿੱਤਾ ਸੀ। ਉਸਦੇ ਕਹਾਣੀ-ਸੰਗ੍ਰਹਿਆਂ ਦਾ ਵੇਰਵਾ ਇਸ ਪ੍ਰਕਾਰ ਹੈ : ਛਾਹ ਵੇਲਾ (1944), ਧਰਤੀ ਅਤੇ ਆਕਾਸ਼ (1951), ਤੂੜੀ ਦੀ ਪੰਡ (1954), ਏਕਸ ਕੇ ਹਮ ਬਾਰਿਕ (1955), ਦੁੱਧ ਦਾ ਛੱਪੜ (1957), ਗੋਲ੍ਹਾਂ (1961), ਨਵੇਂ ਲੋਕ (1967), ਆਤਿਸ਼ਬਾਜ਼ੀ (1984), ਮੇਰੀਆਂ ਸਾਰੀਆਂ ਕਹਾਣੀਆਂ (1986), ਮੇਰੀਆਂ ਸ਼੍ਰੇਸ਼ਟ ਕਹਾਣੀਆਂ (1983)। ਦੁੱਧ ਦਾ ਛੱਪੜ, ਛਾਹ ਵੇਲਾ, ਖੱਬਲ, ਤੂੜੀ ਦੀ ਪੰਡ, ਧਰਤੀ ਹੇਠਲਾ ਬੌਲਦ, ਉਜਾੜ, ਓਪਰੀ ਧਰਤੀ, ਸ਼ੇਰਨੀਆਂ, ਨਮਸਕਾਰ ਆਦਿ ਉਸਦੀਆਂ ਸ਼ਾਹਕਾਰ ਕਹਾਣੀਆਂ ਹਨ।

ਉਹਦੀਆਂ ਬਹੁਤ ਸਾਰੀਆਂ ਕਹਾਣੀਆਂ ਭਾਰਤੀ ਤੇ ਵਿਦੇਸ਼ੀ ਭਾਸ਼ਾਵਾਂ ਵਿਚ ਵੀ ਅਨੁਵਾਦ ਹੋ ਚੁੱਕੀਆਂ ਹਨ। 'ਧਰਤੀ ਹੇਠਲਾ ਬੌਲਦ' ਨਾਂ ਹੇਠ ਇੱਕ ਪੁਸਤਕ ਰੂਸੀ ਭਾਸ਼ਾ ਵਿਚ ਛਪ ਚੁੱਕੀ ਹੈ। 'ਦੁੱਧ ਦਾ ਛੱਪੜ' ਕਹਾਣੀ ਸੰਗ੍ਰਹਿ ਨੂੰ 1959 ਈ. ਵਿਚ ਭਾਸ਼ਾ ਵਿਭਾਗ ਪੰਜਾਬ ਵਲੋਂ ਅਤੇ 'ਨਵੇਂ ਲੋਕ' ਨੂੰ 1969 ਵਿਚ ਸਾਹਿਤ ਅਕਾਦਮੀ ਨਵੀਂ ਦਿੱਲੀ ਵਲੋਂ ਪੁਰਸਕ੍ਰਿਤ ਕੀਤਾ ਗਿਆ ਸੀ। ਉਸਨੂੰ 1985 ਵਿਚ ਸ਼੍ਰੋਮਣੀ ਸਾਹਿਤਕਾਰ ਵਜੋਂ ਵੀ ਸਨਮਾਨਿਤ ਕੀਤਾ ਗਿਆ ਸੀ । ਲਾਇਲਪੁਰ ਖਾਲਸਾ ਕਾਲਜ ਜਲੰਧਰ ਦੇ ਪੰਜਾਬੀ ਵਿਭਾਗ ਵਲੋਂ ਗਠਿਤ 'ਕੁਲਵੰਤ ਸਿੰਘ ਵਿਰਕ ਯਾਦਗਾਰੀ ਕਮੇਟੀ' ਹਰ ਸਾਲ ਇੱਕ ਨਾਮਵਾਰ ਕਹਾਣੀਕਾਰ ਨੂੰ 'ਵਿਰਕ ਪੁਰਸਕਾਰ' ਪ੍ਰਦਾਨ ਕਰਦੀ ਹੈ। ਵਿਰਕ ਮਾਨਵਵਾਦੀ ਰਚਨਾ ਦ੍ਰਿਸ਼ਟੀ ਦਾ ਧਾਰਨੀ ਸੀ। ਉਸਨੇ ਆਪਣੇ ਸਮਕਾਲ ਵਿਚ ਮਾਰਕਸਵਾਦੀ ਸਿਧਾਂਤ ਤੋਂ ਪ੍ਰਭਾਵਿਤ ਪ੍ਰਗਤੀਵਾਦੀ ਵਿਚਾਰਧਾਰਾ ਨਾਲ ਸਿੱਧਾ ਸੰਬੰਧ ਜੋੜਨ ਤੋਂ ਸੰਕੋਚ ਕੀਤਾ ਅਤੇ ਆਪਣੇ ਆਪ ਨੂੰ ਨਿਰੋਲ ਮਾਨਵਵਾਦ ਨਾਲ ਹੀ ਜੋੜੀ ਰੱਖਿਆ। ਵਰਿਆਮ ਸਿੰਘ ਸੰਧੂ ਉਸਨੂੰ 'ਅਗਰਗਾਮੀ ਮਾਨਵਵਾਦ' ਦਾ ਧਾਰਨੀ ਲੇਖਕ ਕਹਿੰਦਾ ਹੈ। ਮਾਨਵਵਾਦੀ ਸੋਚ ਦੇ ਧਾਰਨੀ ਵਿਰਕ ਨੇ ਹਮਦਰਦੀ ਅਤੇ ਸੁਹਿਰਦਤਾ ਨਾਲ ਮਨੁੱਖੀ ਜੀਵਨ ਦੇ ਅਜਿਹੇ ਪ੍ਰਮਾਣਿਕ ਚਿੱਤਰ ਸਿਰਜੇ ਕਿ ਉਹ ਪੰਜਾਬੀ ਪਾਠਕਾਂ ਦੇ ਚੇਤਿਆਂ ਵਿਚ ਹਮੇਸ਼ਾ ਲਈ ਸਥਿਰ ਹੋ ਗਏ। ਗਿਣਤੀ ਵਿਚ ਘੱਟ, ਪਰ ਗੁਣ ਪੱਖੋਂ ਮਹੱਤਵਪੂਰਨ ਕਹਾਣੀਆਂ ਲਿਖਣ ਵਾਲੇ ਕੁਲਵੰਤ ਸਿੰਘ ਵਿਰਕ ਨੇ ਆਪਣੀਆਂ ਕਹਾਣੀਆਂ ਵਿਚ ਬੜੀ ਮਨੋਵਿਗਿਆਨਕ ਮੁਹਾਰਤ ਨਾਲ ਮਨੁੱਖੀ ਮਨ ਦੀਆਂ ਗੁੰਝਲਾਂ, ਇੱਛਾਵਾਂ ਅਤੇ ਅਤ੍ਰਿਪਤੀਆਂ ਨੂੰ ਪ੍ਰਸਤੁਤ ਕੀਤਾ। ਉਸਨੂੰ ਨਵੀਂ ਉਸਰ ਰਹੀ ਸਭਿਅਤਾ ਦੀਆਂ ਵਿਸ਼ੇਸ਼ਤਾਵਾਂ ਖਿੱਚਾਂ ਪਾਉਂਦੀਆਂ ਹਨ ਅਤੇ ਉਹ ਪੇਂਡੂ ਤੇ ਸ਼ਹਿਰੀ ਸਮਾਜਿਕ ਜੀਵਨ ਵਿਚ ਆ ਰਹੇ ਪਰਿਵਰਤਨਾਂ ਨੂੰ ਨਜ਼ਰ ਦੀ ਤਾਜ਼ਗੀ ਨਾਲ ਵੇਖਦਾ ਹੈ। ਉਹ ਨਵੀਆਂ ਤਬਦੀਲੀਆਂ ਨੂੰ ਜੀ ਆਇਆਂ ਕਹਿੰਦਾ ਹੋਇਆ ਵੀ ਪੁਰਾਣੇ ਅਤੇ ਜ਼ਿੰਦਗੀ ਦੀ ਦੌੜ ਵਿਚ ਪਿੱਛੇ ਰਹਿ ਗਏ ਪਾਤਰਾਂ ਨੂੰ ਨਫ਼ਰਤ ਭਾਵ ਨਾਲ ਨਹੀਂ ਚਿਤਰਦਾ। ਅਸਲ ਵਿਚ ਉਹ ਮਨੁੱਖ ਨੂੰ ਨਾਇਕ ਜਾਂ ਖਲਨਾਇਕ ਦੇ ਭਾਗਾਂ ਵਿਚ ਵੰਡ ਕੇ ਵੇਖਣ ਦਾ ਮੁੱਦਈ ਨਹੀਂ। ਉਹ ਬੁਰਿਆਂ ਵਿਚ ਵੀ ਚੰਗਿਆਈ ਦੇ ਅੰਸ਼ ਖੋਜਦਾ ਹੈ ਅਤੇ ਉਸ ਕੋਲ ਹਨ੍ਹੇਰੇ ਹਾਲਾਤ ਵਿਚ ਰੌਸ਼ਨੀ ਦੀ ਕਿਰਨ ਲੱਭ ਸਕਣ ਵਾਲੀ ਤੇਜ਼-ਤਿੱਖੀ ਨਜ਼ਰ ਵੀ ਹੈ। ਸਥਿਰ ਪਰ ਪੂੰਜੀਵਾਦੀ ਕੀਮਤਾਂ ਦੇ ਪ੍ਰਵੇਸ਼ ਨਾਲ ਹੌਲੀ-ਹੌਲੀ ਬਦਲ ਰਹੇ ਕਿਰਸਾਨੀ ਜੀਵਨ ਦੇ ਪ੍ਰਮਾਣਿਕ ਚਿੱਤਰ ਪੇਸ਼ ਕਰਨ ਤੋਂ ਇਲਾਵਾ ਵਿਰਕ ਨੇ ਦੇਸ਼-ਵੰਡ ਦੇ ਦਰਦ ਨੂੰ ਬਿਆਨ ਕਰਦੀਆਂ ਸ਼ਾਹਕਾਰ ਕਹਾਣੀਆ ਦੀ ਸਿਰਜਣਾ ਵੀ ਕੀਤੀ ਹੈ। ਜ਼ਿੰਦਗੀ ਵਿਚ ਸਰਗਰਮ ਰੋਲ ਨਿਭਾਉਣ ਲਈ ਅੱਗੇ ਆ ਰਹੀ, ਨਵੀਂ ਬਦਲ ਰਹੀ ਔਰਤ ਦਾ ਜ਼ਿਕਰ ਵੀ ਉਸਦੀਆਂ ਕਹਾਣੀਆਂ ਵਿਚ ਪੇਸ਼-ਪੇਸ਼ ਹੈ। ਉਹ ਕਹਾਣੀ ਲਿਖਦਾ ਨਹੀਂ, ਸਗੋਂ ਸੁਣਾਉਂਦਾ ਹੈ— ਇਹੋ ਗੱਲ ਉਹਨੂੰ ਹੋਰਨਾਂ ਕਹਾਣੀਕਾਰਾਂ ਤੋਂ ਅੱਗੇ ਲੈ ਜਾਂਦੀ ਹੈ।

# ਸਿਆਸੀ ਲੀਡਰਾਂ ਦੀ ਬਿਆਨਬਾਜ਼ੀ ਅਤੇ ਆਮ ਲੋਕ

ਸਾਡੇ ਪੰਜਾਬ ਵਿੱਚ ਅੱਜ ਕੱਲ੍ਹ ਸਿਆਸੀ ਬਹਿਸਬਾਜ਼ੀ ਅਤੇ ਬਿਆਨਬਾਜ਼ੀਆਂ ਦਾ ਦੌਰ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਹੋ ਗਿਆ ਹੈ। ਪਹਿਲਾਂ ਪਹਿਲ ਸਿਆਸੀ ਪਾਰਟੀਆਂ ਘੱਟ ਸਨ ਤੇ ਮੀਡੀਆ ਤੰਤਰ ਸਿਰਫ਼ ਅਖ਼ਬਾਰਾਂ, ਰਸਾਲਿਆਂ ਅਤੇ ਰੇਡੀਓ ਤੱਕ ਸੀਮਤ ਹੋਣ ਕਰਕੇ ਸਿਰਫ਼ ਵੋਟਾਂ ਪੈਣ ਸਮੇਂ ਹੀ ਸਿਆਸੀ ਮਾਹੌਲ ਗਰਮਾਉਂਦਾ ਸੀ। ਪਹਿਲਾਂ ਪਹਿਲ ਦਲ ਬਦਲੂ ਸਿਆਸੀ ਲੀਡਰ ਵੀ ਕੋਈ ਕੋਈ ਹੀ ਪੈਦਾ ਹੁੰਦਾ ਸੀ। ਅੱਜਕਲ੍ਹ ਤਾਂ ਹਰ ਦਿਨ ਹਰ ਘੰਟੇ ਸਿਆਸੀ ਮਾਹੌਲ ਗਰਮਾਇਆ ਹੀ ਰਹਿੰਦਾ ਹੈ। ਦਲ ਬਦਲੂਆਂ ਦੀ ਭਰਮਾਰ ਹੈ। ਜਿਹੜੇ ਪਹਿਲਾਂ ਇੱਕ ਪਾਰਟੀ ਦੇ ਗੀਗੇ ਗਾਉਂਦੇ ਹਨ, ਉਹੀ ਕੁਝ ਘੰਟਿਆਂ ਬਾਅਦ ਕਿਸੇ ਹੋਰ ਪਾਰਟੀ ਦਾ ਲੜ ਫੜ ਕੇ ਉਸੇ ਪਾਰਟੀ ਨੂੰ ਨਿੰਦਦੇ ਨਜ਼ਰ ਆਉਂਦੇ ਹਨ। ਕਈ ਸਿਆਸੀ ਲੀਡਰ ਤਾਂ ਇਹੋ ਜਿਹੇ ਹਨ ਜਿਨ੍ਹਾਂ ਨੇ ਕੋਈ ਪਾਰਟੀ ਬਦਲਣ ਤੋਂ ਛੱਡੀ ਹੀ ਨਹੀਂ। ਆਮ ਲੋਕਾਂ ਨੂੰ ਸਿਆਸੀ ਲੀਡਰਾਂ ਦੀਆਂ ਇੱਕ ਦੂਜੇ ਉੱਤੇ ਕੀਤੀਆਂ ਜਾਣ ਵਾਲੀਆਂ ਟਿੱਪਣੀਆਂ ਜਾਂ ਦੂਸ਼ਣਬਾਜ਼ੀਆਂ ਜਾਂ ਫਿਰ ਬਿਆਨਬਾਜ਼ੀਆਂ ਦਾ ਕੋਈ ਫਾਇਦਾ ਹੈ ਜਾਂ ਫਿਰ ਉਹਨਾਂ ਵੱਲੋਂ ਇੱਕ ਦੂਜੇ ਉੱਤੇ ਨਿਰੇ ਹਵਾਈ ਤੀਰ ਛੱਡ ਕੇ ਆਮ ਜਨਤਾ ਨੂੰ ਉਲਝਾਈ ਰੱਖਣ ਦੀ ਕੋਈ ਚਾਲ ਹੈ ਇਸ ਬਾਰੇ ਚਰਚਾ ਕਰਨੀ ਬਹੁਤ ਜ਼ਰੂਰੀ ਹੈ। ਸਾਡਾ ਦੇਸ਼ ਸਭ ਤੋਂ ਵੱਡਾ ਲੋਕਤੰਤਰਿਕ ਦੇਸ਼ ਹੈ ਜਿਸ ਵਿੱਚ ਆਮ ਲੋਕ, ਆਮ ਲੋਕਾਂ ਵਿੱਚੋਂ ,ਆਮ ਵਿਅਕਤੀ ਨੂੰ ਆਗੂ ਚੁਣ ਕੇ ਆਮ ਲੋਕਾਂ ਦੀ ਪ੍ਰਤੀਨਿਧਤਾ ਕਰਨ ਲਈ ਸਰਕਾਰ ਬਣਾਉਂਦੇ ਹਨ। ਆਮ ਲੋਕਾਂ ਵਿੱਚੋਂ ਨੇਤਾ ਜੀ ਇਸ ਕਰਕੇ ਚੁਣੇ ਜਾਂਦੇ ਹਨ ਤਾਂ ਜੋ ਉਹ ਵਿਧਾਨ ਸਭਾ, ਲੋਕ ਸਭਾ ਜਾਂ ਰਾਜ ਸਭਾ ਵਿੱਚ ਆਮ ਲੋਕਾਂ ਦੀਆਂ ਮੁਸ਼ਕਲਾਂ, ਲੋੜਾਂ ਅਤੇ ਮੁੱਦਿਆਂ ਨੂੰ ਸਹਿਜ ਸੁਭਾਅ ਪੇਸ਼ ਕਰ ਸਕਣ। ਸਮਾਜ ਵਿੱਚ ਅਮਨ ਕਾਨੂੰਨ ਦੀ ਸਥਿਤੀ ਪੈਦਾ ਕਰਨ ਲਈ ਉਪਰਾਲੇ ਕੀਤੇ ਜਾਣ, ਲੋਕਾਂ ਨੂੰ ਵੱਧ ਤੋਂ ਵੱਧ ਰੋਜ਼ਗਾਰ ਕਿਵੇਂ ਮੁਹੱਈਆ ਕਰਵਾਏ ਜਾਣ, ਲੋਕਾਂ ਦੀਆਂ ਸੁਖ ਸੁਵਿਧਾਵਾਂ ਦਾ ਧਿਆਨ ਰੱਖਿਆ ਜਾਵੇ, ਅਵਾਜਾਈ ਮਾਰਗਾਂ ਵੱਲ ਧਿਆਨ ਦਿੱਤਾ ਜਾਵੇ ਅਤੇ ਤਰੱਕੀ ਦੇ ਹੋਰ ਬਹੁਤ ਸਾਰੇ ਕੰਮ ਆਮ ਜਨਤਾ ਦੀ ਭਲਾਈ ਲਈ ਕੀਤੇ ਜਾਣ। ਜਦੋਂ ਲੋਕ ਆਪਣੇ ਵਿੱਚੋਂ ਹੀ ਇੱਕ ਆਮ ਵਿਅਕਤੀ ਨੂੰ ਵੋਟਾਂ ਪਾ ਕੇ ਜਿਤਾ ਕੇ ਤੋਰਦੇ ਹਨ ਤਾਂ ਉਹਨਾਂ ਨੂੰ ਉਸ ਤੋਂ ਬਹੁਤ ਉਮੀਦਾਂ ਹੁੰਦੀਆਂ ਹਨ ਕਿ ਉਹ ਆਪਣੇ ਖੇਤਰ ਦੇ ਲੋਕਾਂ ਦੀ ਭਲਾਈ ਲਈ ਵਚਨਬੱਧ ਹੋਵੇਗਾ। ਇੱਕ ਲੀਡਰ ਬਣਨ ਤੋਂ ਬਾਅਦ ਉਹੀ ਆਮ ਵਿਅਕਤੀ ਬਹੁਤ ਖ਼ਾਸ ਬਣ ਜਾਂਦਾ ਹੈ। ਉਹੀ ਵਿਅਕਤੀ ਜਿਸ ਨੂੰ ਉਹਨਾਂ ਨੇ ਚੁਣ ਕੇ ਭੇਜਿਆ ਹੁੰਦਾ ਹੈ ,ਉਹੀ ਉਹਨਾਂ ਆਮ ਲੋਕਾਂ ਦੀ ਪਹੁੰਚ ਤੋਂ ਬਹੁਤ ਦੂਰ ਹੋ ਜਾਂਦਾ ਹੈ। ਆਮ ਲੋਕਾਂ ਦੀਆਂ ਮੁਸ਼ਕਲਾਂ,ਕੰਮ ਜਾਂ ਮੁੱਦੇ ਉਵੇਂ ਦੀ ਉਵੇਂ ਹੀ ਰਹਿੰਦੇ ਹਨ । ਸਾਡੇ ਲੀਡਰ ਸਾਹਿਬਾਨਾਂ ਦਾ ਆਪਣੀ ਆਪਣੀ ਪਾਰਟੀ ਦਾ ਅਸਿੱਧੇ ਤੌਰ ਤੇ ਪ੍ਰਚਾਰ ਸ਼ੁਰੂ ਹੋ ਜਾਂਦਾ ਹੈ, ਦੂਜੀਆਂ ਪਾਰਟੀਆਂ 'ਤੇ ਦੂਸ਼ਣਬਾਜ਼ੀਆਂ ਦਾ ਦੌਰ ਸ਼ੁਰੂ ਹੋ ਜਾਂਦਾ ਹੈ। ਆਮ ਲੋਕ ਆਪਣੇ ਸਾਰੇ ਮੁੱਦੇ ਭੁੱਲ ਭੁਲਾ ਕੇ ਮੂਕ ਦਰਸ਼ਕ ਬਣ ਕੇ ਰਹਿ ਜਾਂਦੇ ਹਨ। ਸਾਡੇ ਸਿਆਸਤਦਾਨ ਬਹੁਤ ਸਮਝਦਾਰ ਹਨ। ਉਹਨਾਂ ਨੂੰ ਪਤਾ ਹੈ ਕਿ ਅਸੀਂ ਜਨਤਾ ਨੂੰ ਕਿਵੇਂ ਬੇਵਕੂਫ਼ ਬਣਾਉਣਾ ਹੈ। ਸਭ ਤੋਂ ਪਹਿਲਾਂ ਤਾਂ ਉਹਨਾਂ ਨੂੰ ਇਹ ਵੀ ਪਤਾ ਹੈ ਕਿ ਵੋਟਾਂ ਲੈਣ ਵੇਲੇ ਲੋਕਾਂ ਨੂੰ ਕਿਵੇਂ ਭਰਮਾਉਣਾ ਹੈ। ਆਮ ਲੋਕਾਂ ਅੱਗੇ ਸਿਆਸੀ ਬੁਰਕੀਆਂ ਸੁੱਟੀਆਂ ਜਾਂਦੀਆਂ ਹਨ। ਹਰ ਪਾਰਟੀ ਦਾ ਆਪਣਾ ਮੈਨੀਫੈਸਟੋ ਜਾਰੀ ਕੀਤਾ ਜਾਂਦਾ ਹੈ ਜਿਸ ਵਿੱਚ ਲੋਕਾਂ ਨੂੰ ਮੁਫ਼ਤ ਰਾਸ਼ਨ ,ਬਿਜਲੀ ਤੋਂ ਲੈਕੇ ਖਾਤਿਆਂ ਵਿੱਚ ਪੈਸੇ ਪਾਉਣ ਦੇ ਲਾਲਚ ਦਿੱਤੇ ਜਾਂਦੇ ਹਨ। ਸਾਡੇ ਦੇਸ਼ ਵਿੱਚ ਹਜੇ ਤੱਕ ਅਜਿਹਾ ਕੋਈ ਕਾਨੂੰਨ ਨਹੀਂ ਬਣਿਆ ਜਿਸ ਵਿੱਚ ਸਰਕਾਰ ਬਣਾਉਣ ਵਾਲੀਆਂ ਪਾਰਟੀਆਂ ਤੋਂ ਕਾਨੂੰਨੀ ਤੌਰ ਉੱਤੇ ਮੈਨੀਫੈਸਟੋ ਵਿੱਚ ਜਾਰੀ ਕੀਤੇ ਦਾਅਵੇ ਅਤੇ ਵਾਅਦੇ ਸੌ ਪ੍ਰਤੀਸ਼ਤ ਪੂਰੇ ਕਰਵਾਏ ਜਾਣ। ਸੋ ਮੈਨੀਫੈਸਟੋ ਤਾਂ ਸਿੱਧੇ ਤੌਰ ਤੇ ਆਮ ਲੋਕਾਂ ਨਾਲ ਨਿਰਾ ਮਜ਼ਾਕ ਹੀ ਸਾਬਤ ਹੁੰਦਾ ਹੈ। ਅੱਜਕਲ੍ਹ ਇਲੈਕਟ ?ਰਾਨਿਕ ਮੀਡੀਆ ਦਾ ਯੁੱਗ ਹੈ। ਸਾਡੇ ਲੀਡਰ ਸਾਹਿਬਾਨ ਬਿਆਨਬਾਜ਼ੀ ਅਤੇ ਦੂਸ਼ਣਬਾਜੀ ਕੁਝ ਜ਼ਰੂਰਤ ਤੋਂ ਜ਼ਿਆਦਾ ਹੀ ਕਰਨ ਲੱਗ ਪਏ ਹਨ। ਆਮ ਲੋਕਾਂ ਦਾ ਧਿਆਨ ਆਪਣੇ ਮੁੱਦਿਆਂ ਅਤੇ ਸਮੱਸਿਆਵਾਂ ਵੱਲ ਤਾਂ ਜਾਂਦਾ ਹੀ ਨਹੀਂ। ਕੋਈ ਵੀ ਇੱਕ ਪਾਰਟੀ ਦਾ ਲੀਡਰ ਉੱਠ ਕੇ ਆਪਣੀ ਹੀ ਪਾਰਟੀ ਦੇ ਲੀਡਰ ਤੇ ਜਾਂ ਫਿਰ ਵਿਰੋਧੀ ਪਾਰਟੀ ਦੇ ਲੀਡਰ ਤੇ ਦੂਸ਼ਣਬਾਜ਼ੀ ਕਰਦਾ ਹੈ, ਵਿਵਾਦ ਉਤਪੰਨ ਹੁੰਦੇ ਹਨ। ਉਸ ਨੂੰ ਇਲੈਕਟ ?ਰਾਨਿਕ ਮੀਡੀਆ ਉਸੇ ਸਮੇਂ ਵੱਡੇ ਵੱਡੇ ਅੱਖਰਾਂ ਵਿੱਚ ਬ੍ਰੇਕਿੰਗ ਨਿਊਜ਼ ਬਣਾ ਕੇ ਪੇਸ਼ ਕਰਦਾ ਹੈ। ਫਿਰ ਕੰਮ ਇੱਥੇ ਹੀ ਨਹੀਂ ਰੁਕਦਾ। ਫਿਰ ਜਿਸ ਬਾਰੇ ਬਿਆਨਬਾਜ਼ੀ ਕੀਤੀ ਹੁੰਦੀ ਹੈ ਸਾਡਾ ਮੀਡੀਆ ਉਹਨਾਂ ਕੋਲ ਪਹੁੰਚ ਕੇ ਜਵਾਬ ਲੈਂਦਾ ਹੈ । ਫਿਰ ਉਸ ਦੀ ਬ੍ਰੇਕਿੰਗ ਨਿਊਜ਼ ਬਣਦੀ ਹੈ । ਕੰਮ ਇੱਥੇ ਵੀ ਨਹੀਂ ਰੁਕਦਾ , ਫਿਰ ਉਹਨਾਂ ਉਹਨਾਂ ਦੀਆਂ ਸਿਆਸੀ ਪਾਰਟੀਆਂ ਦੇ ਹੋਰ ਆਗੂਆਂ ਦੇ ਬਿਆਨ ਲਏ ਜਾਂਦੇ ਹਨ। ਉਸ ਤੋਂ ਵੀ ਅੱਗੇ ਫਿਰ ਸਾਰੇ ਨਿਊਜ਼ ਚੈਨਲਾਂ ਤੇ ਬਹੁਤ ਹੀ ਦਿਲਚਸਪ ਢੰਗ ਨਾਲ ਡੀਬੇਟਾਂ ਕੀਤੀਆਂ ਜਾਂਦੀਆਂ ਹਨ। ਆਮ ਲੋਕ ਬੈਠ ਕੇ ਬਹੁਤ ਹੀ ਦਿਲਚਸਪ ਸੀਰੀਅਲਾਂ ਵਾਂਗ ਉਹਨਾਂ ਨੂੰ ਟੀ ਵੀ ਤੇ ਜਾਂ ਫ਼ੋਨਾਂ ਤੇ ਵੇਖਦੇ ਹਨ। ਉਹ ਵੀ ਆਪਣੇ ਹੱਕਾਂ ਅਤੇ ਮੁੱਦਿਆਂ ਨੂੰ ਭੁੱਲ ਜਾਂਦੇ ਹਨ ਕਿ ਜਿਹਨਾਂ ਖ਼ਾਤਰ ਉਹਨਾਂ ਨੇ ਉਹਨਾਂ ਨੂੰ ਚੁਣ ਕੇ ਭੇਜਿਆ ਸੀ । ਉਹ ਮਸਲਾ ਠੰਢਾ ਪੈਣ ਲੱਗਦਾ ਹੈ ਤਾਂ ਕੋਈ ਹੋਰ ਇਹੋ ਜਿਹਾ ਮਸਲਾ ਤਿਆਰ ਹੋ ਜਾਂਦਾ ਹੈ। ਆਮ ਲੋਕਾਂ ਦਾ ਤਾਂ ਸਾਰਾ ਦਿਨ ਆਪਣੇ ਕੰਮਾਂ ਕਾਰਾਂ ਦੇ ਨਾਲ ਨਾਲ ਸਿਆਸੀ ਆਗੂਆਂ ਦੀਆਂ ਬਿਆਨਬਾਜ਼ੀਆਂ ਅਤੇ ਡੀਬੇਟਾਂ ਸੁਣ ਕੇ ਲੰਘ ਜਾਂਦਾ ਹੈ। ਜਿਹੜੇ ਆਗੂ ਨੂੰ ਉਹਨਾਂ ਨੇ ਆਪਣੇ ਵਿੱਚੋਂ ਚੁਣ ਕੇ ਭੇਜਿਆ ਹੁੰਦਾ ਹੈ ਉਹ ਤਾਂ ਉਹਨਾਂ ਤੋਂ ਬਹੁਤ ਅਮੀਰ ਹੋ ਚੁੱਕਿਆ ਹੁੰਦਾ ਹੈ ਤੇ ਮੁੜ ਕੇ ਤਾਂ ਵੋਟਾਂ ਦੇ ਸਮੇਂ ਹੀ ਉਹਨਾਂ ਦੇ ਮੱਥੇ ਲੱਗਦਾ ਹੈ। ਮੁੱਕਦੀ ਗੱਲ ਇਹ ਹੈ ਕਿ ਲੀਡਰਾਂ ਦੀਆਂ ਇੱਕ ਦੂਜੇ ਉੱਤੇ ਕੀਤੀਆਂ ਟਿੱਪਣੀਆਂ ਜਾਂ ਬਿਆਨਬਾਜ਼ੀਆਂ ਆਮ ਲੋਕਾਂ ਦੇ ਕਿਸ ਕੰਮ ਦੀਆਂ ਹਨ ? ਕੀ ਉਸ ਵਿੱਚੋਂ ਇੱਕ ਪ੍ਰਤੀਸ਼ਤ ਵੀ ਆਮ ਲੋਕਾਂ ਨੂੰ ਕੁਝ ਪ੍ਰਾਪਤ ਹੁੰਦਾ ਹੈ ? ਨਹੀਂ, ਸਗੋਂ ਇਸ ਤੋਂ ਉਲਟ ਉਹ ਆਪਣਾ ਕੀਮਤੀ ਸਮਾਂ ਬਰਬਾਦ ਕਰਦੇ ਹਨ, ਉਹ ਆਪਣੇ ਮੁੱਦਿਆਂ ਤੋਂ ਭਟਕ ਜਾਂਦੇ ਹਨ ਤੇ ਉਹ ਭੁੱਲ ਜਾਂਦੇ ਹਨ ਕਿ ਉਹਨਾਂ ਨੇ ਆਗੂਆਂ ਦੀ ਚੋਣ ਕਿਸ ਮਕਸਦ ਲਈ ਕਰਕੇ ਭੇਜਿਆ ਸੀ। ਉਹ ਮੂਕ ਦਰਸ਼ਕ ਬਣ ਕੇ ਬਹੁਤ ਦਿਲਚਸਪੀ ਨਾਲ ਇਸ ਸਭ ਨੂੰ ਸੁਣਦੇ ਹਨ, ਖੁੰਢ ਚਰਚਾ ਕਰਦੇ ਹੋਏ ਜਾਂ ਦੋਸਤਾਂ ਮਿੱਤਰਾਂ ਅਤੇ ਪਰਿਵਾਰਾਂ ਨਾਲ ਬੈਠ ਕੇ ਚਰਚਾ ਕਰਦੇ ਹੋਏ ਆਪ ਵੀ ਅਸਿੱਧੇ ਤੌਰ ਤੇ ਉਹਨਾਂ ਦਾ ਹਿੱਸਾ ਬਣ ਜਾਂਦੇ ਹਨ। ਜਿਸ ਨਾਲ ਉਹਨਾਂ ਦਾ ਟਾਈਮ ਪਾਸ ਤਾਂ ਵਧੀਆ ਹੁੰਦਾ ਹੈ ਪਰ ਨੈਤਿਕ ਤੌਰ ਤੇ ਕੋਈ ਫਾਇਦਾ ਨਹੀਂ ਹੁੰਦਾ।

ਨਿਊਯਾਰਕ ਪ੍ਰੀਤਨਾਮਾ ਖਰਾ ਸੱਚ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ
ਬਰਜਿੰਦਰ ਕੌਰ ਬਿਸਰਾਓ...
9988901324

# ਵਿਦਿਅਕ ਸੰਸਥਾਵਾਂ ਦੀ ਮਜ਼ਬੂਤੀ ਲਈ ਨੌਜਵਾਨ ਵਰਗ ਨੂੰ ਜਾਗਰੂਕ ਕੀਤੇ ਜਾਣ ਦੀ ਲੋੜ

– ਵਿਦਿਅਕ ਸੰਸਥਾਵਾਂ ਸਾਡੇ ਸਮਾਜ ਦਾ ਇੱਕ ਅਜਿਹਾ ਥੰਮ ਹਨ, ਜਿਸ ਤੋਂ ਸ਼ੁਰੂ ਹੋ ਕੇ ਸਾਡਾ ਸਮਾਜ ਅੱਗੇ ਵੱਧਦਾ ਹੋਇਆ ਜਿੰਦਗੀ ਅੰਦਰ ਕਿਸੇ ਮਹਾਨ ਮਰਤਬੇ ਨੂੰ ਹਾਸਲ ਕਰਦਾ ਹੈ । ਵਿਦਿਅਕ ਸੰਸਥਾਵਾਂ ਦੀ ਕਦਰ ਕਰਨਾ ਸਾਡਾ ਮੁਢਲਾ ਫਰਜ ਅਤੇ ਜ਼ਿੰਮੇਵਾਰੀ ਹੈ ਜੇਕਰ ਅਸੀਂ ਵਿਦਿਅਕ ਸੰਸਥਾਵਾਂ ਦੀ ਕਦਰ ਨਹੀਂ ਕਰਾਂਗੇ ਤਾਂ ਅਸੀਂ ਜ਼ਿੰਦਗੀ ਅੰਦਰ ਕਦੇ ਵੀ ਪੂਰੀ ਤਰ੍ਹਾਂ ਸਫਲ ਨਹੀਂ ਹੋ ਸਕਦੇ । ਇਨ੍ਹਾਂ ਸੰਸਥਾਵਾਂ ਦੀ ਨੀਂਹ ਸਾਨੂੰ ਪੂਰੀ ਤਰ੍ਹਾਂ ਪੱਕੀ ਅਤੇ ਮਜਬੂਤ ਬਣਾਉਣ ਦੇ ਲਈ ਵੱਡੇ ਪੱਧਰ ਤੇ ਕੰਮ ਕਰਨ ਦੀ ਜ਼ਰੂਰਤ ਹੁੰਦੀ ਹੈ ਇਸ ਦੇ ਕਰਤਾ ਧਰਤਾ ਲੋਕ ਬਿਨਾਂ ਸ਼ੱਕ ਇੱਕ ਉੱਚੀ ਬੁੱਧੀ ਅਤੇ ਵਿਸ਼ਾਲ ਦਿਮਾਗੀ ਪਰੋੜਤਾ ਦੇ ਮਾਹਰ ਲੋਕ ਹੁੰਦੇ ਹਨ । ਇਹ ਸੱਜਣ ਅਜਿਹੇ ਹੁੰਦੇ ਹਨ ਜੋ ਸਮਾਜ ਨੂੰ ਅੱਗੇ ਲੈ ਕੇ ਜਾਣ ਲਈ ਸਿਰ ਤੋੜ ਯਤਨ ਕਰਦੇ ਰਹਿੰਦੇ ਹਨ । ਪਰ ਇਹ ਵੀ ਸੱਚ ਹੈ ਕਿ ਪਿਛਲੇ ਲੰਬੇ ਸਮੇਂ ਤੋਂ ਵਿਦਿਅਕ ਸੰਸਥਾਵਾਂ ਦੇ ਅੰਦਰ ਕਾਫੀ ਨਿਘਾਰ ਵੇਖਿਆ ਜਾ ਰਿਹਾ ਹੈ ਭਾਵੇਂ ਵਿਦਿਅਕ ਸੰਸਥਾਵਾਂ ਮਨੁੱਖ ਨੂੰ ਉਸ ਮੰਜ਼ਿਲ ਤੇ ਲੈ ਜਾਂਦੀਆਂ ਹਨ ਜਿੱਥੇ ਜਾ ਕੇ ਉਹ ਸਮਾਜ ਦੇ ਅੰਦਰ ਸਤਿਕਾਰ ਦਾ ਪਾਤਰ ਬਣਦਾ ਹੈ ਪਰ ਬਹੁਤ ਸਾਰੀਆਂ ਇਨ੍ਹਾਂ ਸੰਸਥਾਵਾਂ ਅੱਜ ਡਿੱਗ ਰਹੇ ਗ੍ਰਾਫ ਦੇ ਕਾਰਨ ਅਕਸਰ ਚਰਚਾ ਦਾ ਵਿਸ਼ਾ ਬਣਦੀਆਂ ਰਹਿੰਦੀਆਂ ਹਨ । ਇਨ੍ਹਾਂ ਸੰਸਥਾਵਾਂ ਦੇ ਵਿੱਚੋਂ ਸਿੱਖਿਆ ਹਾਸਿਲ ਕਰਕੇ ਬਹੁਤ ਸਾਰੇ ਇਨਸਾਨ ਉਸ ਰੁਤਬੇ ਨੂੰ ਪਹੁੰਚ ਗਏ ਜੋ ਕਿਸੇ ਬਿਰਲੇ ਇਨਸਾਨ ਨੂੰ ਹਾਸਲ ਹੁੰਦਾ ਹੈ । ਕਈਆਂ ਨੇ ਤਾਂ ਹੋਰਨਾਂ ਮੁਲਕਾਂ ਦੇ ਵਿੱਚ ਜਾ ਕੇ ਆਪਣੀ ਵਿੱਦਿਆਕ ਯੋਗਤਾ ਜਰੀਏ ਨਵੇਂ ਕੀਰਤੀਮਾਨ ਸਥਾਪਿਤ ਕੀਤੇ ਹਨ । ਅਜਿਹੇ ਲੋਕਾਂ ਨੂੰ ਸਦਾ ਹੀ ਉਤਸਾਹਿਤ ਕੀਤੇ ਜਾਣ ਦੀ ਲੋੜ ਹੁੰਦੀ ਹੈ । ਪਰ ਪਿਛਲੇ ਸਮੇਂ ਇਹ ਵੀ ਵੇਖਿਆ ਗਿਆ ਕਿ ਕਈ ਵਿਦਿਅਕ ਸੰਸਥਾਵਾਂ ਦੇ ਅੰਦਰ ਲੋੜਵੰਦ ਬੱਚਿਆਂ ਦੀ ਸਿੱਖਿਆ ਦੇ ਨਾਂ ਤੇ ਬਹੁਤ ਕੁਝ ਅਜਿਹਾ ਵਾਪਰ ਰਿਹਾ ਹੈ ਜੋ ਮਾੜਾ ਵਰਤਾਰਾ ਹੈ । ਸਾਨੂੰ ਕਿਸੇ ਨੂੰ ਦੋਸ਼ੀ ਕਹਿਣ ਦਾ ਕੋਈ ਹੱਕ ਨਹੀਂ, ਪਰ ਜੇਕਰ ਇਹ ਸੰਸਥਾਵਾਂ ਹੀ ਸਹੀ ਨਾ ਰਹੀਆਂ ਤਾਂ ਸਾਡੀਆਂ ਆਉਣ ਵਾਲੀਆਂ ਪੀੜੀਆਂ ਦਾ ਵੱਡਾ ਨੁਕਸਾਨ ਹੋ ਜਾਵੇਗਾ । ਕਈ ਵਿੱਦਿਅਕ ਇੱਕ ਸੰਸਥਾਵਾਂ ਅੰਦਰ ਘਾਟੇ ਵਾਧੇ ਵਿਖਾ ਕੇ ਸਿੱਖਿਆ ਦੇ ਵਪਾਰੀਕਰਨ ਦੇ ਰੂਪ ਵਿੱਚ ਬਹੁਤ ਕੁਝ ਅਜਿਹਾ ਕੀਤਾ ਜਾ ਰਿਹਾ ਹੈ ਜੋ ਕਦਾਚਿਤ ਵੀ ਇਨ੍ਹਾਂ ਵਿਦਿਅਕ ਅਦਾਰਿਆਂ ਦੇ ਹੱਕ ਵਿੱਚ ਨਹੀਂ ਜਾਵੇਗਾ । ਕਈ ਅਦਾਰੇ ਉਹ ਵੀ ਹਨ ਜੋ ਪੱਲਾ ਖਰਚ ਕੇ ਲੋੜਵੰਦਾਂ ਦੀ ਮਦਦ ਕਰਦੇ ਹਨ ਬਿਨਾਂ ਸ਼ੱਕ ਉਨ੍ਹਾਂ ਦੀ ਸਿਫਤ ਕਰਨੀ ਬਣਦੀ ਹੈ । ਪਰ ਕਈ ਅਦਾਰਿਆਂ ਵੱਲੋਂ ਵਿਦਿਆਰਥੀਆਂ ਅਤੇ ਅਧਿਆਪਕਾਂ ਕੀਤਾ ਜਾ ਰਿਹਾ ਸੋਸਣ ਗਲਤ ਹੈ । ਫਿਰ ਵੀ ਸਾਰੇ ਇੱਕੋ ਜਿਹੇ ਨਹੀਂ ਹੁੰਦੇ ।

ਇੱਥੇ ਇਹ ਕਹਿਣਾ ਵੀ ਗਲਤ ਨਹੀਂ ਹੋਵੇਗਾ ਕਿ ਕਈ ਅਦਾਰਿਆਂ ਅੰਦਰ ਅਧਿਆਪਕਾਂ ਅਤੇ ਬੱਚਿਆਂ ਨੂੰ ਚੰਗੀ ਸਿੱਖਿਆ ਅਤੇ ਕੁਸ਼ਲ ਪ੍ਰਬੰਧਾਂ ਨੂੰ ਪਾਸੇ ਰੱਖ ਕੇ ਸਿਰਫ ਮੁਨਾਫੇ ਨੂੰ ਪਹਿਲ ਦੇ ਕੇ ਕੰਮ ਕੀਤਾ ਜਾ ਰਿਹਾ ਹੈ । ਫਿਰ ਅਜਿਹੇ ਵਿੱਦਿਅਕ ਅਦਾਰੇ ਕਿੰਨਾ ਚਿਰ ਸਮਾਜ ਲਈ ਚਾਨਣ ਮੁਨਾਰੇ ਦਾ ਕੰਮ ਕਰਨਗੇ ਇਹ ਵੀ ਸਾਨੂੰ ਸਾਰਿਆਂ ਨੂੰ ਪਤਾ ਹੈ ਕਿਉਂਕਿ ਵਿਦਿਆ ਮਨੁੱਖ ਦਾ ਤੀਜਾ ਨੇਤਰ ਹੈ ਜੇਕਰ ਅਸੀਂ ਇਸ ਨੂੰ ਹੀ ਸਹੀ ਦਿਸ਼ਾ ਅਤੇ ਦਸ਼ਾ ਨਾ ਦੇ ਸਕੇ ਤਾਂ ਨੁਕਸਾਨ ਸਾਡਾ ਸਾਰਿਆਂ ਦਾ ਹੋਵੇਗਾ । ਇਸ ਲਈ ਸਾਨੂੰ ਚਾਹੀਦਾ ਹੈ ਕਿ ਵਿਦਿਅਕ ਅਦਾਰਿਆਂ ਦੇ ਅੰਦਰ ਆ ਰਹੇ ਨਿਘਾਰ ਨੂੰ ਦੂਰ ਕਰਨ ਦੇ ਲਈ ਵੱਡੇ ਪੱਧਰ ਤੇ ਯਤਨ ਕੀਤੇ ਜਾਣ ਅਤੇ ਖਾਸ ਕਰ ਵਿਦਿਆਰਥੀ ਵਰਗ ਨੂੰ ਨਾਲ ਲੈ ਕੇ ਸੈਮੀਨਾਰ ਕਰਵਾਏ ਜਾਣ ।

ਭਾਵੇਂ ਬਹੁਤ ਸਾਰੇ ਵਿੱਦਿਅਕ ਅਦਾਰੇ ਅਜਿਹੇ ਵੀ ਹਨ ਜਿਨਾਂ ਵੱਲੋਂ ਲੋੜਵੰਦਾਂ ਨੂੰ ਸਿੱਖਿਆ ਦੇ ਨਾਲ ਨਾਲ ਧਾਰਮਿਕ ਵਿੱਦਿਆ ਵੀ ਮੁਹਈਆ ਕਰਵਾਈ ਜਾਂਦੀ ਹੈ । ਸਾਨੂੰ ਸਾਰਿਆਂ ਨੂੰ ਇਸ ਦੇ ਲਈ ਆਪਣੀ ਜਿੰਮੇਵਾਰੀ ਅਤੇ ਫਰਜ਼ ਸਮਝ ਕੇ ਉਚੇਚੇ ਯਤਨ ਕਰਨੇ ਚਾਹੀਦੇ ਹਨ । ਪਰ ਬਹੁਤ ਸਾਰੇ ਪ੍ਰਬੰਧਕ ਅਜਿਹੇ ਵੀ ਹਨ ਜਿਹੜੇ ਆਪਣੀਆਂ ਜਿੰਮੇਵਾਰੀਆਂ ਅਤੇ ਫਰਜ਼ਾਂ ਤੋਂ ਭੱਜ ਰਹੇ ਹਨ । ਵਿਦਿਅਕ ਅਦਾਰਿਆਂ ਦੇ ਪ੍ਰਬੰਧਕਾਂ ਅਤੇ ਆਗੂਆਂ ਨੂੰ ਚਾਹੀਦਾ ਹੈ ਕਿ ਨੌਜਵਾਨ ਵਰਗ ਨੂੰ ਨਾਲ ਲੈ ਕੇ ਵਿਦਿਅਕ ਅਦਾਰਿਆਂ ਦੀ ਮਜਬੂਤੀ ਦੇ ਲਈ ਨਵੀਂ ਰੂਪ-ਰੇਖਾ ਦੇ ਤਹਿਤ ਕੰਮ ਕਰਨਾ ਚਾਹੀਦਾ ਹੈ । ਜੇਕਰ ਸਾਡੇ ਇਹ ਅਦਾਰੇ ਹੀ ਸਹੀ ਕੰਮ ਨਾ ਕਰ ਸਕੇ ਤਾਂ ਇਹ ਗ੍ਰਾਫ ਆਏ ਦਿਨ ਹੋਰ ਹੇਠਾਂ ਡਿੱਗਦਾ ਜਾਵੇਗਾ ਜਿਸ ਦੇ ਜਿੰਮੇਵਾਰ ਅਸੀਂ ਸਾਰੇ ਆਪ ਹੋਵਾਂਗੇ । ਇਸ ਲਈ ਸਾਨੂੰ ਸਮਾਂ ਰਹਿੰਦਿਆਂ ਸੰਭਲਣ ਦੀ ਲੋੜ ਹੈ ।

ਗੀਤਾ ਰਾਣੀ
ਸਹਾਇਕ ਪ੍ਰੋ.ਫ਼ੈਸਰ
ਬੋੜਾਵਾਲ ਕਾਲਜ ਮਾਨਸਾ

# ਪ੍ਰੀਤ ਫੁਲਵਾੜੀ

## ਕਾਵਿ-ਰੰਗ

ਨਿੱਤ ਮੈਂ ਰੱਬ ਦਾ ਨਾਮ ਧਿਆਵਾਂ ਤੈਨੂੰ ਕੀ । ਜੇ ਮੈਂ
ਮੰਦਿਰ ਮਸਜਿਦ ਜਾਵਾਂ ਤੈਨੂੰ ਕੀ।

ਫੂਕ ਦਿਆਂ ਭੱਠੀ ਵਿੱਚ ਕੌੜੀਆਂ ਯਾਦਾਂ ਨੂੰ,
ਅਪਣਾ ਭੂਤਕਾਲ ਭੁਲਾਵਾਂ ਤੈਨੂੰ ਕੀ।

ਭੁੱਲ ਜਾਵਾਂ ਮੈਂ ਦੁੱਖ ਦਰਦਾਂ ਤੇ ਪੀੜਾਂ ਨੂੰ,
ਤਕਲੀਫਾਂ ਤੋਂ ਰਾਹਤ ਪਾਵਾਂ ਤੈਨੂੰ ਕੀ।

ਔਖੇ ਵੇਲੇ ਸਾਥੋਂ ਪਾਸਾ ਵੱਟਿਆ ਤੂੰ, ਖੁਦ ਨੂੰ
ਅਪਣਾ ਹਾਲ ਸੁਣਾਵਾਂ ਤੈਨੂੰ ਕੀ।

ਸ਼ਾਮ ਸਵੇਰੇ ਚੋਗ ਚੁਗਾਵਾਂ ਪੰਛੀਆਂ ਨੂੰ, ਅਪਣੇ
ਦਿਲ ਦੇ ਮੀਤ ਬਣਾਵਾਂ ਤੈਨੂੰ ਕੀ।

ਵਿੱਚ ਬਾਗਾਂ ਦੇ ਬਹਿ ਕੇ ਸਿਰਜਾਂ ਗ਼ਜ਼ਲਾਂ ਮੈਂ,
ਤਿਤਲੀਆਂ ਨੂੰ ਕੋਲ ਬਿਠਾਵਾਂ ਤੈਨੂੰ ਕੀ।

**ਪਰਮਿੰਦਰ ਕੌਰ ਕਲੇਰ**

## ਮੋਹ

ਦੱਸ ਕੌਣ ਕਹਿੰਦਾ ਏ ਚੰਦਰਿਆ,,
ਕਿ ਮੈਂ ਤੇਰਾ ਮੋਹ ਨੀ ਕਰਦੀ,
ਅੱਜ ਵਾਅਦਾ ਕੱਲ ਲਾਰਾ ਬਣੇ,
ਮੈਂ ਅਕਸਰ ਗੱਲਾਂ ਓ ਨੀ ਕਰਦੀ,
ਜਿਵੇਂ ਦੀ ਸਾਹਮਣੇ ਪਿੱਠ ਪਿੱਛੇ ,
ਮੈਂ ਲੋਕਾਂ ਵਾਂਗ ਚਿਹਰੇ ਦੋ ਨੀ ਕਰਦੀ,
ਤੈਨੂੰ ਮੇਰੇ ਤੋਂ ਕੋਈ ਵੱਖ ਨਾ ਕਰ ਦੇਵੇ,
ਮੈਂ ਬਸ ਇਹਨਾਂ ਗੱਲਾਂ ਤੋਂ ਹੀ ਡਰਦੀ,
ਤੈਨੂੰ ਪਿਆਰ ਤਾਂ ਬਥੇਰਾ ਕਰਦੀਆਂ,
ਮੱਖਣਾਂ ਫ਼ਰਕ ਐਨਾ ਕਿ ਸੋਅ ਨੀ ਕਰਦੀ,,

**ਮੱਖਣ ਸ਼ੇਰੋਂ ਵਾਲਾ**
**ਪਿੰਡ ਤੇ ਡਾਕ ਸ਼ੇਰੋਂ ਤਹਿ ਸੁਨਾਮ**
**ਜਿਲ੍ਹਾ ਸੰਗਰੂਰ**
**ਸੰਪਰਕ 98787-98726**

## ਕਵਿਤਾ

ਇੱਕ ਅਸੀਂ ਹਾਂ
ਹੋਣਾ ਕੀ,ਕਦੇ ਕਿਸੇ ਨੂੰ,
ਕੋਈ ਫ਼ਿਕਰ ਮੇਰਾ,
ਹਰ ਕੋਈ,ਆਪੋ ਆਪਣੀ,
ਵਜਾਵੇ ਡਫ਼ਲੀ,ਤੇ ਗਾਵੇ ਰਾਗ।
ਨਾ ਦਿਲ ਵਿਚ ਉਸਦੇ,ਮੇਰਾ ਮੁਕਾਮ,
ਰਹੇ ਹਾਂ ਜੀ,ਲੈ ਲੈ ਜਿਸਦਾ ਨਾਮ,
ਓ ਸਾਨੂੰ ਚਾਹਵੇ ਸ਼ਾਇਦ ਸੰਗਰੂਰਵੀ,
ਨਹੀਂ ਲਿਖੀ ਸਾਡੇ ? ਵਿਚ ਭਾਗ।
ਲਿਖ ਲਵਾਂਗਾ,ਲਿਖਣ ਤੇ,ਆਇਆ ਜੇ,
ਕਦੇ ਨਾ ਕਦੇ,ਕੋਈ ਨਾ ਕੋਈ।
ਕਰਾਂਗਾ ਬਿਆਨ,ਕਿਹੜੀ ਗੱਲੋਂ,
ਦਿਲ ਰੋਇਆ ਨਾਲੇ ਅੱਖ ਰੋਈ।
ਕੀ ਕਰਨੀਆਂ ਕਾਪੀਆਂ,ਕਿਤਾਬਾਂ,
ਕੀ ਕਰਨੇ ਨੇ ਅਸਾਂ ਸਾਜ਼,
ਕੀ ਕਰਨਾ ਪੜ੍ਹ ਲਿਖ,
ਕੀ ਕਰਨਾ ਗਾ ਗਾ।
ਇੱਕ ਅਸੀਂ ਹਾਂ,ਜੋ ਕਰਦੇ ਤਰਲੇ,
ਇੱਕ ਓ ਨੇ ਜਿਹੜੇ ਸੁਣ ਸੰਗਰੂਰਵੀ,
ਸਕਦੇ ਨਹੀਂ ਸਾਨੂੰ ਮਨਾ।
ਨਹੀਂ ਸੁਣਦੇ, ਨਹੀਂ ਸਮਝਦੇ,
ਮੇਰੇ ਦਿਲ ਦੀ, ਕੋਈ ਗੱਲ਼।
ਇੱਕ ਉਹ ਨੇ, ਜਿਹੜੇ ਸਾਨੂੰ,ਭੁੱਲ ਗਏ,
ਇੱਕ ਅਸੀਂ ਹਾਂ, ਨਹੀਂ ਭੁੱਲਦੇ,
ਜਿਹੜੇ ਗੁਜ਼ਰੇ ਪਲ।

**ਸਰਬਜੀਤ ਸੰਗਰੂਰਵੀ**
**ਪੁਰਾਣੀ ਅਨਾਜ ਮੰਡੀ, ਸੰਗਰੂਰ।**
**9463162463**

## ਨਵੇ ਸਾਲ ਦੀ ਖੁਸ਼ੀ ਨਿਰਾਲੀ

ਨਵੇਂ ਸਾਲ ਦੀ ਆਮਦ ਉਤੇ
ਕੁਝ ਨਵਾ ਨਵੇਲਾ ਕਰ ਜਾਈਏ।
ਸ਼ਿਕਵੇ ਦਿਲੋਂ ਭੁਲਾ ਕੇ ਸੱਜਣਾ
ਸਾਂਝੇ ਪੰਧ ਵੱਲ ਹੀ ਚੱਲ ਪਾਈਏ।
ਕਲਮਾਂ ਵਾਲ਼ੇ ਰੁੱਕਦੇ ਨਹੀਂਓਂ
ਹੁਕਮਰਾਨਾ ਦੀਆਂ ਬੰਦਸ਼ਾ ਅੱਗੇ
ਕੋਹਰਾਮ,ਨਿਜ਼ਾਮ ਦਾ ਰੁੱਤਬਾ ਭਾਰੀ
ਜਿਸ ਦੇ ਅੱਗੇ ਹਰ ਕੋਈ ਭੱਜੇ ।
ਨਵੇ ਪਲਾ ਦੀ ਖੁਸ਼ੀ ਨਿਰਾਲੀ
ਰੌਸ਼ਨ ਜਜ਼ਬੇ ਸਿਜਰਣ ਵਾਲੀ
ਗੁੱਝੇ ਭੇਦ ਤੇ ਪਰਦਾ ਪਾ ਕੇ
ਮਿੱਤਰਾਂ ਦੇ ਸੰਗ ਖੜ ਜਾਈਏ ।
ਫਿਕਰਮੰਦੀ ਵਿਚ ਦਿਨ ਲੰਘਾਉਦੇ
ਮੂਲਵਾਨ (ਸਮਾ) ਦੀ ਕਦਰ ਨਾ ਪਾਈ
ਖਰੀਦਣ ਦੀ ਤਾਂ ਜ਼ੁਅਰਤ ਹੈ ਨੀ
ਨਾ ਵਰਤਣ ਲਈ ਜੁਗਤ ਲਗਾਈ ।
ਪਰਵਾਜ਼ ਲੰਮੇਰੀ ਭਰਨੀ ਸੌਖੀ
ਹਿੰਮਤ ਜਦੋਂ ਜੁਟਾਉਦਾ ਬੰਦਾ
ਦੁੱਧ ਪੀਣ ਲਈ ਬੱਚੇ ਨੂੰ ਵੀ
ਕੁਰਲਾਹਟ ਹੈ ਪਉਣੀ ਪੈਂਦੀ।
ਸੋਚ ਸੀਰਤ ਦੋ ਹਨ ਉਹ ਸ਼ੀਸ਼ੇ
ਝਲਕਾਰੇ ਹੀ ਮੜਕ ਨੇ ਕੱਡਦੇ
ਮੂੰਹ ਦੇ ਮਿੱਠੇ ਵਾਂਗ ਚਾਸ਼ਨੀ
ਜਾਂਦੇ ਜਾਂਦੇ ਵੀ ਰਾਹ ਨਾ ਛੱਡਦੇ ।
ਧਾਲੀਵਾਲ ਇਹ ਜਗਤ ਅਨੋਖਾ
ਨਾਲ ਜੁਗਾੜ ਚਲਾਵੇਂ ਦੁਨੀਆਂ
ਕਹਿਣੇ ਨੂੰ ਸਭ ਕੁਝ ਹੈ ਤੇਰਾ
ਲੋੜ ਪੈਣ ਤੇ ਕਣ ਨਾ ਦਿੰਦੇ।
ਨਵੇਂ ਸਾਲ ਦੀ ਆਮਦ ਉਤੇ .

**ਧੰਨਵਾਦ ਸਹਿਤ ਵਲੋਂ,**
**ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ ,**
**ਪਿੰਡ ਨੱਥੂ ਮਾਜਰਾ , ਜਿਲਾ ਮਲੇਰਕੋਟਲਾ**
**ਮੋਬ- 78374 - 90309**

## ਨਾਜ਼ੁਕ ਦਿਲ

ਕੋਮਲ, ਨਾਜ਼ੁਕ ਦਿਲ ਹੈ ਮੇਰਾ,
ਵੇਖੀਂ ਕਿਧਰੇ ਤੋੜੀਂ ਨਾ।
ਦਿਲ ਵਿੱਚ ਇਸ਼ਕ ਦੀ ਲਾਟ ਜਗਾ ਕੇ,
ਦਰ ਤੋਂ ਖਾਲੀ ਮੋੜੀਂ ਨਾ।
ਇਸ਼ਕ ਸਮੁੰਦਰ ਬਹੁਤ ਡੂੰਘੇਰਾ,
ਵਿਰਲਾ ਪਾਰ ਕਰੇਂਦਾ ਹੈ।
ਦਿਲ ਦੀ ਧੜਕਣ ਵਧਦੀ ਜਾਂਦੀ,
ਪਿਆਰਾ ਪਾਰ ਵਸੇਂਦਾ ਹੈ।
ਪੱਥਰ-ਦਿਲ ਨਾਲ ਨਿਹੁੰ ਲਗਾ ਕੇ,
ਮੈਂ ਤਾਂ ਏਹੋ ਜਾਣ ਲਿਆ।
ਬਿਰਹੋਂ ਅਤੇ ਵਿਛੋੜੇ ਦਾ ਦੁਖ,
ਕੀ ਹੁੰਦਾ ਹੈ ਮਾਣ ਲਿਆ।
ਹਰ ਦਿਲ ਵਿੱਚ ਖ਼ੁਦਾ ਦਾ ਵਾਸਾ,
ਕਦੇ ਏਸਨੂੰ ਤੋੜੋ ਨਾ।
ਆਇਆ ਦਰ ਤੇ ਕੋਈ ਸਵਾਲੀ,
ਖ਼ਾਲੀ ਉਹਨੂੰ ਮੋੜੋ ਨਾ।
ਸ਼ੀਸ਼ਾ ਤੇ ਦਿਲ ਇੱਕੋ ਜੈਸੇ,
ਅਕਸਰ ਹੀ ਟੁੱਟ ਜਾਂਦੇ ਨੇ।
ਬੜੇ ਬੇਦਰਦ ਲੁਟੇਰੇ ਜਿਹੜੇ,
ਦਿਲ ਨੂੰ ਲੈ ਲੁੱਟ ਜਾਂਦੇ ਨੇ।

*** ਪ੍ਰੋ. ਨਵ ਸੰਗੀਤ ਸਿੰਘ**
**# ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ-**
151302 (ਬਠਿੰਡਾ) 9417692015.

## ਟ੍ਰੈਫਿਕ ਰੂਲ

ਬਿੱਲੀ ਆਖੇ ਚੂਹੇ ਨੂੰ, ਚੱਲ ਤੈਨੂੰ ਬਜ਼ਾਰ ਘੁਮਾਵਾਂ
ਨਵੀਂ ਲਈ ਗੱਡੀ ਦੀ, ਚੱਲ ਤੈਨੂੰ ਸੈਰ ਕਰਾਵਾਂ

ਨਵੀਂ ਕਾਰ ਮੇਰੀ ਵਿੱਚ, ਨਵੇਂ ਨਵੇਂ ਨੇ ਫ਼ਕਸਨ
ਬੇਫਿਕਰੀ ਨਾਲ ਚਲਾਓ, ਕੋਈ ਹੈ ਨਈਂ ਟੈਨਸ਼ਨ

ਚੂਹਾ ਆਖੇ ਬਿੱਲੀ ਨੂੰ, ਨਾ ਮਾਣ ਮਸ਼ੀਨਰੀ ਦਾ ਕਰੀਏ
ਸਭ ਤੋਂ ਵੱਡਾ ਰੱਬ ਰਕਾਨੇ,ਰੱਬ ਦੇ ਕੋਲ਼ੋਂ ਡਰੀਏ

ਚੂਹੇ ਦੀ ਸਿਰ ਤੋਂ ਟੋਪੀ ਉਤਰੀ ਬਿੱਲੀ ਕਾਰ ਭਜਾਈ
ਨਵੀਂ ਕਾਰ ਦੀ ਬਿੱਲੀ ਨੇ, ਰੋਡ ਤੇ ਦੌੜ ਲਗਾਈ

ਆਖ਼ਰ ਨੂੰ ਕਾਰ ਬੇਕਾਬੂ ਹੋਈ,ਅੱਗੇ ਜਾ ਟਕਰਾਈ
ਚੂਹਾ ਬਿੱਲੀ ਹੱਥ ਪੈਰ, ਦੋਨੋਂ ਜਣੇ ਫਿਰਨ ਤੁੜਵਾਈ

ਬਿੱਲੀ ਨੂੰ ਚੂਹੇ ਦੀਆਂ ਗੱਲਾਂ,ਫ਼ੇਰ ਚੇਤੇ ਨੇ ਆਈਆਂ
ਟ੍ਰੈਫਿਕ ਰੂਲ ਮੰਨਕੇ ਜਖਵਾਲੀ, ਕਈਂ ਜਾਨਾਂ ਬਚਾਈਆਂ

**ਗੁਰਪ੍ਰੀਤ ਸਿੰਘ ਜਖਵਾਲੀ**
**ਮੋਬਾਇਲ** :-98550 36444

## ਨਵੇਂ ਸਾਲ ਦਿਆ ਸੂਰਜਾ

ਨਵੇਂ ਸਾਲ ਦਿਆ ਸੂਰਜਾ, ਖ਼ੁਸ਼ੀਆਂ- ਖੇੜੇ ਵੰਡ।
ਉੱਡ ਪੁੱਡ ਜਾਵਣ ਨ.ਫ਼ਰਤਾਂ, ਪੈ ਜਾਏ ਪਿਆਰ ਦੀ ਗੰਢ।
ਨਵੇਂ ਸਾਲ ਦਿਆ ਸੂਰਜਾ, ਐਸੀ ਕਰੀਂ ਕਮਾਲ।
ਹਰ ਘਰ ਨਗਮਾ ਪਿਆਰ ਦਾ, ਗੂੰਜੇ ਹਾੜ੍ਹ-ਸਿਆਲ।
ਨਵੇਂ ਸਾਲ ਦਿਆ ਸੂਰਜਾ, ਜਾਵੀਂ ਤੂੰ ਹਰ ਜੂਹ।
ਸ਼ਾਲਾ ! ਹਰ ਇੱਕ ਬਸ਼ਰ ਦੀ, ਬਣ ਜਾਏ ਰੱਜੀ ਰੂਹ।
ਨਵੇਂ ਸਾਲ ਦਿਆ ਸੂਰਜਾ, ਵੱਸੇ ਘੁੱਗ ਕਿਸਾਨ।
ਝੂੰਮਣ ਫ਼ਸਲਾਂ ਸਾਵੀਆਂ, ਚਿਹਰੇ 'ਤੇ ਮੁਸਕਾਨ।
ਨਵੇਂ ਸਾਲ ਦਿਆ ਸੂਰਜਾ, ਸਹੇ ਨਾ ਕੋਈ ਸੰਤਾਪ।
ਵੱਜਣ ਵਾਜੇ ਵਸਲ ਦੇ, ਹਾਸੇ ਕਰਨ ਅਲਾਪ।
ਨਵੇਂ ਸਾਲ ਦਿਆ ਸੂਰਜਾ, ਸਦਾ ਰਹੇ ਇਹ ਰੁੱਤ।
ਜੀਆਂ ਚ ਇਤਫ਼ਾਕ ਤੇ, ਵੱਸਣ ਧੀਆਂ- ਪੁੱਤ।
ਨਵੇਂ ਸਾਲ ਦਿਆ ਸੂਰਜਾ, 'ਓਠੀ' ਦੀ ਅਰਦਾਸ।
ਸਭ ਦੀ ਸੱਚੇ ਮਾਲਕਾ ਪੂਰੀ ਕਰਦੇ ਆਸ।

**ਸਤਿੰਦਰ ਸਿੰਘ ਓਠੀ**
ਮੋ. 99882 21227

## ਕਾਨੂੰਨ ਤੇ ਕਿਸਾਨ ਦੀ ਵਾਰਤਾਲਾਪ

ਕਾਨੂੰਨ ਤੇ ਕਿਸਾਨ ਦੀ ਭਾਵੇ ਰਾਸ਼ੀ ਇਕੋ ਏ,
ਪਰ, ਕਾਰਜ ਵਖੋ ਵਖਰੇ ਨੇ,
ਦੋਹਾਂ ਚ "ਇਟ ਕੁੱਤੇ ਦਾ ਵੈਰ" ਏ,
ਕਾਨੂੰਨ (ਕਹਿੰਦਾ),
ਕਿਸਾਨਾਂ ਤੇਰੀ ਔਕਾਤ ਹੀ ਕਿ ਏ,
ਤੂੰ, ਮੇਰੇ ਤੇ ਰੋਬ ਜਮਾਂ ਏਂਗਾ,
ਮੇਰਾ ਵਾਸਾ ਮਹਿਲਾ ਚ ਏ,
ਮੈ, ਨੋਟਾਂ ਦੀ ਗਧਿਆਂ ਤੇ ਖੇੜਦਾ,
ਤੁਹਾਡੇ ਵਰਗੇ ਦੀ,
ਜਦੋਂ ਮਰਜੀ ਧੋਣ ਫੜ ਸਕਦਾ,
ਪੂੰਜੀਪਤੀਆਂ ਦੇ ਘਰ ਦੀ ਰੌਣਕ,
ਦਫ਼ਤਰਾਂ ਦੀ ਸ਼ਾਹਨੋਸ਼ੋਕਤ ਹਾਂ,
ਤੁਹਾਡੇ ਤੇ ਮਨ ਮਰਜੀ ਨਾਲ,
ਫੈਂਟਾ ਚਲ ਸਕਦਾ,
ਮੈਂ ਕਾਨੂੰਨ ਹਾਂ, ਸੁਪਰੀਮ ਕੋਰਟ ਹਾਂ,
ਅੰਡਾਨੀ ਤੇ ਆਬੰਨੀ ਦੇ ਘਰ ਦੀ,
ਕਿਸਾਨ ਬੋਲਦਾ,
ਮਨਿਆ ਸਾਡੀ ਕੋਈ ਔਕਾਤ ਨਹੀਂ,
ਪਰ, ਹੁਣ ਤੇਰਾ ਰੋਬ ਨਹੀ ਚਲ਼ਣਾ,
ਸਿੰਗ੍ਹ ਫ਼ਸਣ ਗੇ ਰੜੇ ਮੈਦਾਨ ਅੰਦਰ,
ਤੇਰੇ ਜਾਇਆ ਦੀ,
ਤੇਰੇ ਤੇ ਜੰਮੀ ਮੈਲ ਲਾਵਾਂਗੇ,
ਤੇਰੀ ਹੰਕਾਰੀ ਹੋਈ ਰੀੜ ਦੀ ਹੱਡੀ ਨੂੰ,
ਭਰੇ ਬਜਾਰ ਚ ਭਨ੍ਹਾਗੇਂ,
ਤੇਰੇ ਜਰਵਾਣਿਆਂ ਨੂੰ,
ਮਿੱਟੀ ਦੀ ਖਸ਼ਬੂ ਸੁੰਗਾਵਾਂਗੇ,
ਮੈਂ ਕਿਸਾਨ ਹਾਂ, ਮਿੱਟੀ ਦਾ ਮਾਧੋ,
ਧਰਤੀ ਦਾ ਸੀਨਾ ਚੀਰ ਕੇ
ਅਣ ਅਗਾਉਣ ਵਾਲਾ,

**ਲੇਖਕ - ਮਨਵੀਰ ਪੋਇਟ** 8557035027

## ਪੋਹ ਦਾ ਮਹੀਨਾ

ਲਿਖ ਨਾ ਸਕਦੀ ਕਾਨੀ ਮੇਰੀ, ਬਲ਼ ਉੱਠਦਾ ਹੈ
ਸੀਨਾ।
ਸਮੇਂ-ਸਮੇਂ ਤੇ ਚੇਤੇ ਆਵੇ, ਪੋਹ ਦਾ 'ਉਹੀ'
ਮਹੀਨਾ।
ਕੀ ਆਖਾਂ ਦਸ਼ਮੇਸ਼ ਪਿਤਾ ਨੇ, ਕਿੰਨੇ ਸਿਤਮ
ਸਹਾਰੇ।
ਜਿਗਰ ਦੇ ਟੋਟੇ ਜਿਸਨੇ, ਆਪਣੇ ਦੇਸ਼-ਕੌਮ ਤੋਂ
ਵਾਰੇ।
ਛੇ ਪੋਹ ਦੀ ਉਸ ਰਾਤ ਗੁਰੂ ਜੀ, ਆਨੰਦਪੁਰ ਤੋਂ
ਚੱਲੇ।
ਤੋੜ ਕੇ ਕਸਮਾਂ, ਪਾ ਕੇ ਘੇਰਾ, ਮੁਗ਼ਲਾਂ ਕੀਤੇ ਹੱਲੇ।
ਠਿਲ੍ਹ ਪਏ ਸਰਸਾ ਨਦੀ 'ਚ ਤੇ, ਪਰਿਵਾਰ
ਵਿਛੜਿਆ ਸਾਰਾ।
ਗੜ੍ਹੀ ਕੱਚੀ ਚਮਕੌਰ ਪਹੁੰਚ ਕੇ, ਸਤਿਗੁਰ ਕੀਤਾ
ਉਤਾਰਾ।
ਵੱਡੇ ਪੁੱਤਰਾਂ ਤੇ ਚਾਲੀ ਸਿੰਘਾਂ, ਚਮਕੌਰ ਸ਼ਹੀਦੀ
ਪਾਈ।
ਦੋ ਛੋਟਿਆਂ ਸਰਹਿੰਦ ਦੀ ਨੀਂਹ ਵਿੱਚ, ਅੰਤਿਮ
ਫ਼ਤਹਿ ਬੁਲਾਈ।
ਮਾਛੀਵਾੜੇ ਜੰਗਲ ਵਿੱਚ ਸੀ, ਇੱਟ ਦਾ ਲਾਇਆ
ਸਿਰ੍ਹਾਣਾ।
ਵਾਰ ਦਿੱਤਾ ਸਰਬੰਸ ਸਾਰਾ, ਤੇ ਰੱਬ ਦਾ ਮੰਨਿਆ
ਭਾਣਾ।
ਪੋਹ ਦੇ 'ਓਸ' ਮਹੀਨੇ ਦੀ ਹੈ, ਗਾਥਾ ਦਰਦ-
ਰੰਞਾਣੀ।
ਵਾਰ ਕੇ ਪੰਜ ਜੀਅ, ਗੁਰੂ ਪਿਤਾ ਦੇ, ਅੱਖੋਂ ਨਾ
ਡਿੱਗਿਆ ਪਾਣੀ।
ਕਲਗੀ ਵਾਲ਼ੇ ਸਤਿਗੁਰ ਦੱਸਿਆ, ਚੱਲਣਾ ਹੁਕਮ
ਰਜਾਈ।
ਨਾਲ਼ ਅਣਖ ਦੇ ਜੀਣ-ਮਰਨ ਦੀ, ਸਾਨੂੰ ਜਾਚ
ਸਿਖਾਈ।

*** ਪ੍ਰੋ. ਨਵ ਸੰਗੀਤ ਸਿੰਘ**
(9417692015)

## ਗਣਿਤ ਵਿਸ਼ਾ

ਗਣਿਤ ਵਿਸ਼ੇ ਦੀ ਵੱਖਰੀ ਸ਼ਾਨ
ਸਿੱਖਣਾ ਇਸ ਨੂੰ ਬੜਾ ਆਸਾਨ।
ਅੰਕ,ਪਹਾੜੇ,ਵਰਗ ਤੇ ਗਿਣਤੀ
ਰੋਜ਼ਾਨਾ ਜੀਵਨ ਵਿੱਚ ਕੰਮ ਨੇ ਆਉਂਦੇ,
ਗੁਣਾ, ਭਾਗ ਦੇ ਜੋੜ ਘਟਾਓ
ਅਧਿਆਪਕ ਸਾਨੂੰ ਪਹਿਲਾਂ ਸਿਖਾਉਂਦੇ।
ਟਾਂਕ,ਜਿਸਤ,ਅਭਾਜ, ਪ੍ਰਾਕ੍ਰਿਤਿਕ
ਸੰਖਿਆਵਾਂ ਦਾ ਵਰਗੀਕਰਨ ਨਿਰਾਲਾ,
ਤਿਕੋਣ,ਵਰਗ,ਆਇਤ,ਚਤੁਰਭੁਜ
ਜੁਮੈਟਰੀ ਦਾ ਬੜਾ ਕੰਮ ਸੁਖਾਲਾ।
ਕੌਸ ਥੀਟਾ ਜੋ ਸਿੱਖ ਲੈਂਦੇ ਨੇ
ਫਿਊਚਰ ਉਹਨਾਂ ਦਾ ਬਰਾਈਟ ਹੁੰਦਾ,
ਘੜੀ ਉੱਤੇ ਜਦ ਤਿੰਨ ਨੇ ਵਜਦੇ
ਇਹ ਵੀ ਐਂਗਲ ਰਾਈਟ ਹੁੰਦਾ।
ਗਿਣਤੀ ਮਿਣਤੀ ਜੋ ਵੀ ਕਰਨੀ
ਅੰਕਾਂ ਦੀ ਪਹਿਚਾਣ ਜਰੂਰੀ,
ਕਰਨ ਦੀ ਲੰਬਾਈ ਹੁੰਦੀ
ਪਾਇਥਾਗੋਰਸ ਬਿਨਾਂ ਅਧੂਰੀ।
ਲੰਬਾਈ ਚੌੜਾਈ ਦੋਵੇਂ ਹੁੰਦੇ
ਪਰਿਮਾਪ ਅਤੇ ਖੇਤਰਫਲ ਦਾ ਪੈਮਾਨਾ,
180 ਡਿਗਰੀ ਦਾ ਜਦ ਕੋਣ ਹੈ ਬਣਦਾ
ਸਿੱਧਾ ਲੱਗਦਾ ਫੇਰ ਨਿਸ਼ਾਨਾ।
ਸਿਲੰਡਰ ਦਾ ਆਕਾਰ ਹੈ ਬਣਦਾ
ਕਾਗਜ਼ ਨੂੰ ਜਦ ਕਰੀਏ ਗੋਲ,
ਲੀਟਰਾਂ ਮੀਟਰਾਂ ਬਿਨਾਂ ਕੰਮ ਨਾ ਚੱਲਦਾ
ਕਿਲੋਗ੍ਰਾਮਾਂ ਬਿਨਾਂ ਨਾ ਹੋਵੇ ਤੋਲ।
ਦੋ ਦੂਣੀ ਚਾਰ ਨੇ ਹੁੰਦੇ
ਭਾਵੇਂ ਦੋ ਵਿੱਚ ਦੋ ਤੂੰ ਜੋੜੀ,
ਮੈਥ ਫੈਕਲਟੀ ਦੀ ਤਾਰੀਫ਼ ਹੈ ਬਣਦੀ
ਜਿੰਨੀ ਕਰੀਏ ਉਨੀ ਥੋੜੀ।
ਗਣਿਤ ਲਈ ਅਭਿਆਸ ਜਰੂਰੀ ਹੁੰਦਾ
ਧਰਮਿੰਦਰ ਦਾ ਮਸ਼ਵਰਾ ਕਰੋ ਪ੍ਰਵਾਨ,
ਇਸ ਗੱਲ ਤੇ ਅਮਲ ਜੋ ਕਰ ਲਏ
ਪਰਪੱਕ ਹੋ ਜਾਏ ਉਸਦਾ ਗਿਆਨ।
ਗਣਿਤ ਵਿਸ਼ੇ ਦੀ ਵੱਖਰੀ ਸ਼ਾਨ
ਸਿੱਖਣਾ ਇਸ ਨੂੰ ਬੜਾ ਆਸਾਨ
ਸਿੱਖਣਾ ਇਸ ਨੂੰ ਬੜਾ ਆਸਾਨ।

**ਸ.ਧਰਮਿੰਦਰ ਸਿੰਘ**
**ਸ.ਸ.ਸ.ਸ ਦੰਦਰਾਲਾ ਢੀਂਡਸਾ**

## ਕਾਵਿ ਵਿਅੰਗ

**ਵੋਟਾਂ, ਕਿਸਮਤ ਤੇ ਭਾਈਚਾਰਾ**
ਆਈਆਂ ਵੋਟਾਂ, ਪਿਆ ਘੜਮੱਸ ਪੈਂਦਾਂ,
ਹੋਣੀ ਕਿਸ ਦੀ ਹਾਰ ਜਾਂ ਜਿੱਤ ਮੀਆਂ।
*********
ਕਿਸਮਤ ਹੋਈ ਬੰਦ ਵਿੱਚ ਡੱਬਿਆਂ ਦੇ,
ਬੁੱਤ ਬਾਹਰ ਤੇ ਰਹੂ ਵਿੱਚ ਚਿੱਤ ਮੀਆਂ।
**********
ਕਈ ਬੁਲਾਉਣਗੇ ਬੱਕਰੇ ,ਪੀ ਦਾਰੂ,
ਕਈ ਲੁੱਕਣਗੇ ਬੁੱਕਲ ਵਿੱਚ ਮੀਆਂ।
******÷**÷
ਚਾਰ ਦਿਨ ਚਾਨਣੀ ਫਿਰ ਰਾਤ ਨ੍ਹੇਰੀ,
ਨਹੀਂ ਕਿਸੇ ਦਾ ਕੋਈ ਮਿੱਤ ਮੀਆਂ।
**** ****
ਸਿਆਸਤ ਵਿੱਚ ਦੁਸ਼ਮਣੀ, ਨਾ ਯਾਰੀ,
ਹੁੰਦੇ ਕੇਵਲ ਆਪਣੇ ਹਿੱਤ ਮੀਆਂ।
******÷**
ਆਪਸ ਵਿੱਚ ਵੈਰ ਨਾ ਪਾਓ ਲੋਕੋ,
ਲੋੜ ਭਰਾਵੀਂ ਪੈਂਦੀ ਨਿੱਤ ਮੀਆਂ।
*********
ਭਾਈਚਾਰਾ ਰੱਖੋ 'ਪੱਤੋ' ਵਿੱਚ ਪਿੰਡਾਂ,
ਕਰਾ ਲਿਓ ਨਾ ਘੋਗਾ ਚਿੱਤ ਮੀਆਂ।

**ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ**
94658-21417

## ਕਰ ਵਿਸ਼ਵਾਸ

ਨਾ ਰਹੀ ਤੂੰ,ਕਿਸੇ ਦੇ,ਓਟ ਆਸਰੇ,
ਨਾ ਰਹੀ ਤੂੰ,ਕਿਸਮਤ ਸਹਾਰੇ।
ਹੁੰਦੀ ਜਿੰਨੀ ਤੈਥੋਂ ਕਰ ਲੈ,
ਕਰ ਲੈ ਤੂੰ, ਮਿਹਨਤ ਪਿਆਰੇ।
ਨਾ ਵੇਖ ਸਫ਼ਲਤਾ ਦੇ,ਸੁਫ਼ਨੇ ਕਦੇ,
ਰਾਹ ਲੱਭ,ਸੋਚ ਵਿਚਾਰ ਕੇ।
ਝੋਲੀ ਪੈਣੀ ਜਿੱਤ ਕਦੇ ਬੈਠੇ ਜੇ ਨਾ,
ਬੈਠੇ ਜੇ ਨਾ,ਕਦੇ ਮਨ ਹਾਰ ਕੇ।
ਸੋਚ ਜਿੰਨਾ ਤੈਥੋਂ ਸੋਚਿਆ ਜਾਂਦੈ,
ਨਹੀਂ ਤੈਨੂੰ ਕੋਈ ਰੋਕ ਸਕਦਾ।
ਸੋਚ ਅਮਲ ਕਰ ਮਿਲੂ ਮੰਜ਼ਿਲ ਤੈਨੂੰ,
ਫਿਰ ਨਹੀਂ ਕੋਈ ਟੋਕ ਸਕਦਾ।
ਹੱਥ ਵਿਖਾਉਣਾ ਛੱਡਦੇ,
ਨਾ ਕਰ ਵਿਸ਼ਵਾਸ ਤੂੰ ਲਕੀਰਾਂ ਤੇ।
ਹਿੰਮਤ, ਹੌਂਸਲਾ,ਦਲੇਰੀ ਨਾਲ,
ਮਿਹਨਤਕਸ਼ ਬਦਲਣ ਤਕਦੀਰਾਂ ਨੇ।
ਮਨ ਦੀਆਂ ਕਮਜ਼ੋਰੀਆਂ,
ਕੁਝ ਠੋਸ ਤੇ ਕੁਝ ਬਰੀਕ ਹੁੰਦੀਆਂ ਨੇ।
ਕੁਝ ਰਹਿਣ ਚੁੱਪ ਚੁਪੀਤੀਆਂ,
ਤੇ ਕੁਝ ਮਾਰਦੀਆਂ ਚੀਕ ਹੁੰਦੀਆਂ ਨੇ।
ਕੁਝ ਸਮਾਂ ਰਹਿੰਦਿਆਂ ਹੀ,
ਗ਼ਲਤੀਆਂ ਹਜ਼ਾਰ ਸੁਧਾਰ ਲੈਂਦੇ।
ਕੁਝ ਕਰ ਅਣ ਦੇਖਿਆਂ ਸੰਗਰੂਰਵੀ,
ਮਨ ਆਪਣੇ ਦੀ ਨਾ ਸਾਰ ਲੈਂਦੇ।

**ਸਰਬਜੀਤ ਸੰਗਰੂਰਵੀ**
**ਪੁਰਾਣੀ ਅਨਾਜ ਮੰਡੀ, ਸੰਗਰੂਰ।**
**9463162463**

## ਕੰਬਾਇਨਾਂ ਦੇ ਮਾਲਕ

ਢਾਈ ਸੌ ਕੰਬਾਇਨਾਂ ਲੈ ਕੇ ,
ਜਾਣ ਲਈ ਤਿਆਰ ਨੇ ।
ਜੋਸ਼ ਅੰਨਦਾਤੇ ਦਾ ,
ਵਧਾਣ ਲਈ ਤਿਆਰ ਨੇ ।
ਜਿਹੜੇ ਲੋਕ ਜਿੰਦ ਜਾਨ ,
ਤਲ਼ੀ 'ਤੇ ਰੱਖਣ ਸਦਾ ;
ਲਾਠੀਆਂ ਤੇ ਗੋਲ਼ੀਆਂ ਵੀ ,
ਖਾਣ ਲਈ ਤਿਆਰ ਨੇ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ( ਸੰਗਰੂਰ )**
**9478408898 3**

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 333 | Website: www.preetnama.com Email preetnamausa@gmail.com | 19 DEC TO 23 DEC, 2025




# Preetnama

ਪ੍ਰੀਤਨਾਮਾ

ਖਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 333

Website: www.preetnama.com Email preetnamausa@gmail.com

19 DEC TO 23 DEC, 2025



No body have time to watch TV Advertisement
No body have time to read Physical newspapers

## It's social time.

Online News, Advertisement, Promotion Anytime anywhere.

**Doesn't matter where are you.**

Advertisement with Preetnama.
Promote your business with TalkShow
We gave social stage to show yourself and your Business.

Business Persons, Doctor,
Advocates, VISA, Tour Travel, Actor, Singers,
writers come Join or TalkShow
and Advertisement with us on national
& International based.

**Search Just**
**Preetnama**
**Youtube**
**Facebook**
**Twitter**
**Instragram**
**LinkedIn**
**Tiktok**




No ned to go anywhere, Just leave message on WhatsApp or email us. We will call you back.

**Contact immediately**

+1 201-312-4180,+1 917-328-8436

www.preetnama.com, www.preetnews.com
Email- preetnamausa@gmail.com